## 1-4

# ਸਲਾਮ ਅਤੇ ਉਦੇਸ਼

## ਸ਼ੁਰੂ ਵਿਚ ਸਲਾਮ (1, 2)

**[1]ਲਿਖਤੁਮ ਯਹੂਦਾਹ ਜਿਹੜਾ ਯਿਸੂ ਮਸੀਹ ਦਾ ਦਾਸ ਅਤੇ ਯਾਕੂਬ ਦਾ ਭਰਾ ਹਾਂ, ਅੱਗੇ ਜੋਗ ਉਨ੍ਹਾਂ ਨੂੰ ਜਿਹੜਾ ਸੱਦੇ ਹੋਏ ਅਤੇ ਪਿਤਾ ਪਰਮੇਸ਼ੁਰ ਵਿੱਚ ਪਿਆਰੇ ਅਤੇ ਯਿਸੂ ਮਸੀਹ ਦੇ ਲਈ ਰੱਖੇ ਹੋਏ ਹਨ, [2]ਤੁਹਾਡੇ ਲਈ ਰਹਮ, ਸ਼ਾਂਤੀ ਅਤੇ ਪ੍ਰੇਮ ਵੱਧ ਤੋਂ ਵੱਧ ਹੁੰਦਾ ਜਾਵੇ।**

ਇਸ ਪੱਤ੍ਰੀ ਦੇ ਸ਼ੁਰੂਆਤੀ ਸ਼ਬਦ ਬਾਕੀ ਆਮ ਪੱਤ੍ਰੀਆਂ ਦੇ ਵਰਗੇ ਹੀ ਹਨ। ਲੇਖਕ ਕੇ ਖੁਦ ਦੀ ਪਛਾਣ ਕਰਵਾਈ, ਆਪਣੇ ਪਾਠਕਾਂ ਨੂੰ ਸੰਬੋਧਿਤ ਕੀਤਾ ਅਤੇ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ।

**ਆਇਤ 1. ਯਹੂਦਾਹ** ਨੇ ਆਪਣੇ ਆਪ ਨੂੰ **ਯਿਸੂ ਮਸੀਹ ਦਾ ਦਾਸ ਅਤੇ ਯਾਕੂਬ ਦਾ ਭਰਾ** ਕਹਿ ਕੇ ਪੱਤ੍ਰੀ ਦੀ ਸ਼ੁਰੂਆਤ ਕੀਤੀ। "ਯਾਕੂਬ" ਜਿਸ ਦਾ ਜ਼ਿਕਰ ਕੀਤਾ ਗਿਆ ਹੈ ਸੰਭਵ ਤੌਰ ਤੇ ਪ੍ਰਭੂ ਦਾ ਭਰਾ ਹੈ (ਗਲਾਤੀਆਂ 1:19; ਯਾਕੂਬ 1:1)। ਯਿਸੂ ਦੀ ਸੇਵਕਾਈ ਦੇ ਸ਼ੁਰੂਆਤੀ ਦਿਨਾਂ ਵਿਚ, ਉਸ ਦੇ ਭਰਾਵਾਂ ਨੇ ਸੋਚਿਆ ਕਿ ਉਹ ਆਪਣੇ ਆਪ ਤੋਂ ਬਾਹਰ ਹੋ ਗਿਆ ਹੈ (ਮਰਕੁਸ 3:21, 31; ਯੂਹੰਨਾ 7:5), ਪਰ ਬਾਅਦ ਇਹ ਮਨੁੱਖ ਵਿਸ਼ਵਾਸੀ ਬਣ ਗਏ (ਰਸੂਲਾਂ ਦੇ ਕਰਤੱਬ 1:14; 1 ਕੁਰਿੰਥੀਆਂ 9:5)। ਯਹੂਦਾਹ ਅਤੇ ਯਾਕੂਬ ਦੀਆਂ ਪੱਤ੍ਰੀਆਂ ਦੀ ਮੌਜੂਦਗੀ, ਰਸੂਲਾਂ ਦੇ ਕਰਤੱਬ ਵਿਚ ਸੁਝਾਵਿਤ ਗੱਲਾਂ ਅਤੇ ਕੁਝ ਬਾਅਦ ਦੀਆਂ ਰਸੂਲੀ ਲਿਖਤਾਂ ਵਿਚ ਵਕਰੋਤੀਆਂ ਮਿਲ ਕੇ, ਕੁਝ ਲੋਕਾਂ ਨੂੰ ਇਹ ਦਲੀਲ ਦੇਣ ਵੱਲ ਲੈ ਗਈਆਂ ਕਿ ਯਿਸੂ ਦੇ ਪਰਿਵਾਰ ਦਾ ਯਰੂਸ਼ਲਮ ਦੀ ਆਰੰਭਕ ਕਲੀਸੀਆ ਦੇ ਦਿਨ-ਬ-ਦਿਨ ਦੇ ਜੀਵਨ ਵਿਚ ਉਸ ਨਾਲੋਂ ਜ਼ਿਆਦੀ ਪ੍ਰਭਾਵਸ਼ਾਲੀ ਭੂਮਿਕਾ ਸੀ ਜਿੰਨੀ ਕਿ ਅਕਸਰ ਇਸ ਨੂੰ ਮਾਨਤਾ ਦਿੱਤੀ ਜਾਂਦੀ ਹੈ।[1]

ਮੱਤੀ 13:55 ਵਿਚ, ਭਰਾਵਾਂ ਦੇ ਨਾਵਾਂ ਦੀ ਜੋ ਸੂਚੀ ਦਿੱਤੀ ਗਈ ਹੈ ਉਹ ਹਨ "ਯਾਕੂਬ ਅਰ ਯੂਸੁਫ਼ ਅਰ ਸ਼ਮਊਨ ਅਰ ਯਹੂਦਾ।" ਮਰਕੁਸ ਦੇ ਵਿਰਤਾਂਤ ਵਿਚ "ਯਾਕੂਬ ਅਰ ਯੋਸੇਸ ਅਰ ਯਹੂਦਾਹ ਅਰ ਸ਼ਮਊਨ" ਹੈ (ਮਰਕੁਸ 6:3)। ਵੱਖ-ਵੱਖ ਤਰਤੀਬ ਲਈ ਕੋਈ ਸੰਤੋਸ਼ਜਨਕ ਵਿਆਖਿਆ ਨਹੀਂ ਹੈ। ਜਿਹੜੀ ਗੱਲ ਸਪੱਸ਼ਟ ਹੈ ਉਹ ਇਹ ਹੈ ਕਿ ਯਹੂਦਾਹ ਨੇ ਆਪਣੇ ਆਪ ਦੀ ਯਿਸੂ ਦੇ ਭਰਾ ਵਜੋਂ ਕਰਵਾਈ ਹੋਵੇਗੀ। ਪਰਤੱਖ ਰੂਪ ਵਿਚ ਉਹ ਇਸ ਨਾਲੋਂ ਵੀ ਵੱਧ ਦਾਅਵਾ ਕਰਨਾ ਚਾਹੁੰਦਾ ਸੀ। ਉਹ "ਯਿਸੂ ਮਸੀਹ ਦਾ ਦਾਸ ਅਤੇ ਯਾਕੂਬ ਦਾ ਭਰਾ" ਬਣ ਕੇ ਹੀ ਸੰਤੁਸ਼ਟ ਸੀ। ਉਸ ਨੇ ਆਪਣੇ ਆਪ ਦੀ ਯਾਕੂਬ ਨਾਲ ਸ਼ਨਾਖਤ ਕੀਤੀ ਇਹ ਸੁਝਾਅ ਦਿੰਦਾ ਹੈ ਕਿ ਯਾਕੂਬ ਨੂੰ ਸਪੱਸ਼ਟ ਤੌਰ ਤੇ ਯਹੂਦੀ ਮਸੀਹੀ ਅਦਾਰਿਆਂ ਵਿਚ

ਯਹੂਦਾਹ ਨਾਲੋਂ ਜ਼ਿਆਦਾ ਇਕ ਅਧਿਕਾਰ ਵਜੋਂ ਮਾਨਤਾ ਦਿੱਤੀ ਜਾਂਦੀ ਸੀ। ਫਿਰ ਵੀ, ਜੇਕਰ ਯਾਕੂਬ ਦੇ ਨਾਂਅ ਦਾ ਜ਼ਿਕਰ ਨਾ ਵੀ ਹੁੰਦਾ ਤਾਂ ਇਕ ਸਪੱਸ਼ਟ ਹੈ ਕਿ ਯਹੂਦਾਹ ਨੇ ਨਿਰਾ ਆਪਣੇ ਦੇ ਨਾਂਅ ਦਾ ਜ਼ਿਕਰ ਕਰਨ ਦੁਆਰਾ ਪਛਾਣੇ ਜਾਣ ਦੀ ਉਮੀਦ ਕੀਤੀ ਸੀ। ਉਸ ਨੇ ਆਪਣੇ ਪਾਠਕਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਸ ਕੋਲ ਨਿਰਦੇਸ਼ ਦੇਣ ਅਤੇ ਸੁਣੇ ਜਾਣ ਦਾ ਹੱਕ ਸੀ।

ਯਹੂਦਾਹ ਨੇ ਆਪਣੇ ਪਾਠਕਾਂ ਨੂੰ ਬਹੁਤ ਹੀ ਅਨੋਖੇ ਤਰੀਕਾ ਨਾਲ ਸੰਬੋਧਿਤ ਕੀਤਾ। ਉਸ ਨੇ ਪੂਰਨ ਕਾਲ ਵਾਕ ਵਿਚ ਦੋ ਕਿਰਿਆਵਾਂ ਦੀ ਵਰਤੋਂ ਕੀਤੀ। **ਪਿਆਰਿਓ** (ἠγαπημένοις, *ਈਗਾਪੇਮੀਨੋਇਸ*) ਜਥਾਰਥ ਰੂਪ ਵਿਚ "ਪਿਆਰ ਕੀਤਾ ਜਾ ਚੁੱਕਾ ਹੈ," ਅਤੇ **ਰੱਖੇ ਹੋਏ** (τετηρημένοις, *ਟੀਟਰੀਮੀਨੋਇਸ*) ਜਥਾਰਥ ਵਿਚ "ਰੱਖੇ ਜਾ ਚੁੱਕੇ ਹਨ" ਹੈ। ਯੂਨਾਨੀ ਭਾਸ਼ਾ ਵਿਚ ਪੂਰਨ ਕਾਲ ਸਾਡਾ ਧਿਆਨ ਵਰਤਮਾਨ ਅਵਸਥਾ ਵੱਲ ਲੈ ਕੇ ਜਾਂਦਾ ਹੈ। ਯਹੂਦਾਹ ਦੇ ਪਾਠਕ ਉਹ ਸਨ ਜਿਹੜੇ **ਪਿਤਾ ਪਰਮੇਸ਼ੁਰ** ਦੁਆਰਾ ਪ੍ਰੇਮ ਕੀਤੇ ਜਾਣ ਦੀ ਅਵਸਥਾ ਵਿਚ ਖੜ੍ਹੇ ਰਹੇ। ਇਸ ਤੋਂ ਇਲਾਵਾ, ਉਹ **ਯਿਸੂ ਮਸੀਹ** ਦੁਆਰਾ ਰੱਖੇ ਜਾਣ ਦੀ ਅਵਸਥਾ ਵਿਚ ਸਨ।

**ਸੱਦੇ ਹੋਏ** ਦਾ ਅਰਥ ਇਹ ਨਹੀਂ ਹੈ ਕਿ ਯਹੂਦਾਹ ਦੇ ਪਾਠਕ ਉਸ ਰਿਸ਼ਤੇ ਵਿਚ ਸੁਸਤ ਸਨ ਜੋ ਉਨ੍ਹਾਂ ਦਾ ਪਰਮੇਸ਼ੁਰ ਦੇ ਨਾਲ ਸੀ। ਉਨ੍ਹਾਂ ਦੇ ਕਿਰਿਆਸ਼ੀਲ ਸਹਿਯੋਗ, ਉਨ੍ਹਾਂ ਦੇ ਸੁਣਨ ਅਤੇ ਇੰਜੀਲ ਦੇ ਪ੍ਰਤੀ ਉਨ੍ਹਾਂ ਦੇ ਜਵਾਬ ਰਾਹੀਂ, ਉਹ "ਸੱਦੇ ਹੋਏ" ਬਣੇ ਸਨ। ਆਈ. ਹੋਵਾਰਡ ਮਾਰਸ਼ਲ ਨੇ ਟਿੱਪਣੀ ਕੀਤੀ ਕਿ "ਸ਼ਬਦ ['ਸੱਦੇ ਹੋਏ'] ਮਸੀਹੀ ਲੋਕਾਂ ਲਈ ਇਕ ਨਾਂਅ ਨੂੰ ਦਰਸਾਅ ਸਕਦਾ ਹੈ ਜੋ ਉਨ੍ਹਾਂ ਦੀ ਜ਼ਰੂਰੀ ਵਿਸ਼ੇਸ਼ਤਾ ਦਾ ਵਰਣਨ ਕਰੇਗਾ ਕਿ ਉਹ ਪਰਮੇਸ਼ੁਰ ਦੇ ਲੋਕ ਬਣਨ ਲਈ ਉਸ ਦੇ ਦੁਆਰਾ ਸੱਦੇ ਗਏ ਹਨ ਅਤੇ ਉਨ੍ਹਾਂ ਨੇ ਸੱਦਿਆਂ ਦਾ ਜਵਾਬ ਦਿੱਤਾ ਹੈ (ਰੋਮੀਆਂ 1:6, 7; 8:28; 1 ਕੁਰਿੰਥੀਆਂ 1:2, 24; ਤੁਲਨਾ ਕਰੋ, ਪਰਕਾਸ਼ 17:14)।"[2]

ਯਹੂਦਾਹ ਦੁਆਰਾ ਪੂਰਨ ਕਾਲ ਦੀ ਵਰਤੋਂ ਪੱਤ੍ਰੀ ਵਿਚ ਇਸ ਦਾ ਸ਼ੁਰੂਆਤੀ ਸੰਕੇਤ ਹੈ ਕਿ ਲੇਖਕ ਨੂੰ ਆਪਣੇ ਪਾਠਕਾਂ ਦੇ ਪ੍ਰਭੂ ਨਾਲ ਸੰਬੰਧ ਵਿਚ ਪੂਰਾ ਭਰੋਸਾ ਸੀ। ਉਨ੍ਹਾਂ ਨੇ ਆਪਣੇ ਆਪਣੇ ਭਰੋਸੇ ਨੂੰ ਸਾਂਝਾ ਕਰਨਾ ਸੀ। ਕਿਉਂਕਿ ਉਹ ਪ੍ਰਭੂ ਦੁਆਰਾ ਰੱਖੇ ਜਾਣ ਅਤੇ ਪ੍ਰੇਮ ਕੀਤੇ ਜਾਣ ਦੀ ਅਵਸਥਾ ਵਿਚ ਖੜ੍ਹੇ ਸਨ, ਉਪਦੇਸ਼ਕ ਜਿਹੜੇ ਹਾਲ ਹੀ ਵਿਚ ਕਲੀਸੀਆਵਾਂ ਵਿਚ ਆਏ ਸਨ ਉਨ੍ਹਾਂ ਨੂੰ ਦੇਣ ਲਈ ਕੁਝ ਵੀ ਨਹੀਂ ਸੀ। ਉਨ੍ਹਾਂ ਦੇ ਕੋਲ ਉਸ ਪਰਕਾਸ਼ ਦਾ ਦਾਅਵਾ ਕਰਨ ਲਈ ਕੁਝ ਨਹੀਂ ਸੀ ਜੋ ਰਸੂਲੀ ਗਵਾਹਾਂ ਤੋਂ ਵੀ ਪਰੇ ਗਿਆ ਸੀ ਜਿਨ੍ਹਾਂ ਨੇ ਅਸਲ ਵਿਚ ਉਨ੍ਹਾਂ ਨੂੰ ਖੁਸ਼ਖ਼ਬਰੀ ਸੁਣਾਈ ਸੀ।

**ਆਇਤ 2.** ਯਹੂਦਾਹ ਨੇ ਆਮ ਸਲਾਮ "ਕਿਰਪਾ" (χάρις, *ਚੈਰਿਸ*) ਦੀ ਵਰਤੋਂ ਨਹੀਂ ਕੀਤੀ ਜੋ ਸਾਨੂੰ ਪੌਲੁਸ ਦੀਆਂ ਪੱਤ੍ਰੀਆਂ ਅਤੇ ਪਤਰਸ ਦੀਆਂ ਦੋ ਪੱਤ੍ਰੀਆਂ ਵਿਚ ਮਿਲਦਾ ਹੈ। ਬਲਕਿ ਉਸ ਨੇ ਆਪਣੇ ਸਾਥੀ ਵਿਸ਼ਵਾਸੀਆਂ ਨੂੰ ਇਸ ਤਰ੍ਹਾਂ ਸਲਾਮ ਕਿਹਾ ਕਿ **ਤੁਹਾਡੇ ਲਈ ਰਹਮ, ਸ਼ਾਂਤੀ ਅਤੇ ਪ੍ਰੇਮ ਵੱਧ ਤੋਂ ਵੱਧ ਹੁੰਦਾ ਜਾਵੇ।** ਅਨੁਵਾਦ ਕੀਤਾ ਗਿਆ ਸ਼ਬਦ "ਵੱਧ ਤੋਂ ਵੱਧ" (πληθύνω, *ਪਲੇਥੁਨੋ*) ਉਹੀ ਸ਼ਬਦ ਹੈ ਜੋ ਪਤਰਸ ਦੀਆਂ ਦੋਹਾਂ ਪੱਤ੍ਰੀਆਂ ਵਿਚ ਮਿਲਦਾ ਹੈ (1 ਪਤਰਸ 1:2; 2 ਪਤਰਸ 1:2)। ਕੀ ਸ਼ਬਦਾਂ ਦੀ ਚੋਣ ਨਿਰੀ ਸ਼ੈਲੀਗਤ ਪਸੰਦ ਹੈ, ਜਾਂ ਅਸੀਂ ਉਨ੍ਹਾਂ ਦੇ ਨਾਲ ਕਿਸੇ ਮਹੱਤਵ ਨੂੰ ਜੋੜਨਾ ਹੈ? ਜਦ ਕਿ ਸ਼ਬਦਾਂ ਦੀ ਚੋਣ ਦਾ ਮਹੱਤਵ ਅਨਿਸ਼ਚਤ ਹੈ, ਅਸੀਂ ਘੱਟੋ-ਘੱਟ ਇਹ ਕਹਿ ਸਕਦੇ ਹਾਂ: ਜਿਵੇਂ-ਜਿਵੇਂ ਪੱਤ੍ਰੀ

ਖੁੱਲ੍ਹਦੀ ਜਾਂਦੀ ਹੈ ਇਹ ਸਪੱਸ਼ਟ ਹੁੰਦਾ ਜਾਂਦਾ ਹੈ ਕਿ ਕਲੀਸੀਆਵਾਂ ਜਿਨ੍ਹਾਂ ਨੂੰ ਯਹੂਦਾਹ ਨੇ ਸੰਬੋਧਿਤ ਕੀਤਾ ਸੀ ਅੰਦਰੂਨੀ ਗੜਬੜ ਦੇ ਕਾਰਣ ਸੀ ਜੋ ਉਨ੍ਹਾਂ ਵਰਗੇ ਝੂਠੇ ਗੁਰੂਆਂ ਦੁਆਰਾ ਉਨ੍ਹਾਂ ਤੇ ਲਿਆਂਦਾ ਗਿਆ ਸੀ ਜਿਹੜੇ ਸਾਨੂੰ 2 ਪਤਰਸ ਵਿਚ ਮਿਲਦੇ ਹਨ। ਇਨ੍ਹਾਂ ਝੂਠੇ ਉਪਦੇਸ਼ਕਾਂ ਨਾਲ ਨਜਿੱਠਣ ਤੋਂ ਵੱਧ ਕੇ ਕੁਝ ਚੀਜ਼ਾਂ ਹੁੰਦੀਆਂ ਹਨ ਜੋ ਮਸੀਹੀ ਲੋਕਾਂ ਨੂੰ ਜ਼ਿਆਦਾ ਪਰੇਸ਼ਾਨ ਕਰਦੀਆਂ ਹਨ। ਇਹ ਉਨ੍ਹਾਂ ਅੰਦਰ ਦੁੱਖ ਅਤੇ ਗੜਬੜ ਪੈਦਾ ਕਰਦਾ ਹੈ ਜਿਹੜੇ ਸ਼ਾਂਤੀ ਦੇ ਪ੍ਰਭੂ ਅਤੇ ਆਪਸੀ ਸਤਿਕਾਰ ਦੇ ਸਮਾਜ ਦੇ ਪ੍ਰਤੀ ਸਮਰਪਿਤ ਹੁੰਦੇ ਹਨ। ਰਹਮ, ਸ਼ਾਂਤੀ ਅਤੇ ਪ੍ਰੇਮ ਉਹ ਗੁਣ ਸਨ ਜਿਨ੍ਹਾਂ ਦੀ ਉਨ੍ਹਾਂ ਮਸੀਹੀ ਲੋਕਾਂ ਨੂੰ ਬਹੁਤ ਜ਼ਿਆਦਾ ਲੋੜ ਸੀ ਜਿਨ੍ਹਾਂ ਨੂੰ ਯਹੂਦਾਹ ਨੇ ਸੰਬੋਧਿਤ ਕੀਤਾ ਸੀ। ਯਹੂਦਾਹ ਨੇ ਉਨ੍ਹਾਂ ਦੇ ਲਈ ਇਹੋ ਕਾਮਨਾ ਕੀਤੀ ਕਿ ਇਹ ਚੰਗੇ ਗੁਣ ਤੁਹਾਡੇ ਵਿਚ ਵਧਦੇ ਜਾਣ।

## ਪੱਤ੍ਰੀ ਦੇ ਉਦੇਸ਼ ਨੂੰ ਪਰਿਭਾਸ਼ਿਤ ਕਰਨਾ (3, 4)

**3ਪਿਆਰਿਓ, ਜਦੋਂ ਸਾਡੀ ਸਾਂਝੀ ਮੁਕਤੀ ਦੇ ਵਿਖੇ ਮੈਂ ਤੁਹਾਨੂੰ ਲਿਖਣ ਦੀ ਬਹੁਤ ਚਾਹ ਕਰਦਾ ਸਾਂ ਤਾਂ ਮੈਂ ਤੁਹਾਨੂੰ ਲਿਖ ਕੇ ਤਗੀਦ ਕਰਨੀ ਜ਼ਰੂਰੀ ਜਾਣੀ ਭਈ ਤੁਸੀਂ ਓਸ ਨਿਹਚਾ ਦੇ ਲਈ ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ ਜਤਨ ਕਰੋ। 4ਕਿਉਂ ਜੋ ਕੋਈ ਮਨੁੱਖ ਚੋਰੀਂ ਆ ਵੜੇ ਹਨ ਜਿਹੜੇ ਇਸ ਸਜ਼ਾ ਲਈ ਪਰਾਚੀਨ ਕਾਲ ਵਿੱਚ ਅਗੇਤਰੇ ਲਿਖੇ ਗਏ ਸਨ, ਸ਼ਤਾਨੀ ਮਨੁੱਖ ਜਿਹੜੇ ਸਾਡੇ ਪਰਮੇਸ਼ੁਰ ਦੀ ਕਿਰਪਾ ਨੂੰ ਉਲਟਾ ਕਰ ਕੇ ਲੁੱਚਪੁਣੇ ਵੱਲ ਲਾ ਲੈਂਦੇ ਹਨ ਅਤੇ ਯਿਸੂ ਮਸੀਹ ਦਾ ਜਿਹੜਾ ਇੱਕੋ ਹੀ ਸਾਡਾ ਸੁਆਮੀ ਅਤੇ ਪ੍ਰਭੂ ਹੈ ਇਨਕਾਰ ਕਰਦੇ ਹਨ।**

**ਆਇਤ 3.** ਆਪਣੀ ਜਾਣ-ਪਛਾਣ ਕਰਾਉਣ ਤੋਂ ਬਾਅਦ, ਯਹੂਦਾਹ ਲਗਭਗ ਖਿਮਾ-ਜਾਚਕ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਉਨ੍ਹਾਂ ਨੂੰ ਕਾਫੀ ਸਮੇਂ ਤੋਂ ਲਿਖਣਾ ਚਾਹੁੰਦਾ ਸੀ ਕਿਉਂਕਿ ਉਸ ਨੇ ਕਿਹਾ ਕਿ **ਮੈਂ ਤੁਹਾਨੂੰ ਲਿਖਣ ਦੀ ਬਹੁਤ ਚਾਹ ਕਰਦਾ ਸਾਂ**। ਉਸ ਦੀ ਇਹ ਚਾਹ ਜਾਂ ਇੱਛਾ ਉਨ੍ਹਾਂ ਨੂੰ ਉਸ ਨਿਹਚਾ ਵਿਚ ਉਸਾਰਨ ਦੇ ਲਈ ਸੀ ਜੋ ਉਸ ਨੇ ਉਨ੍ਹਾਂ ਨਾਲ ਸਾਂਝੀ ਕੀਤੀ ਸੀ। ਯਹੂਦਾਹ ਨੇ ਵਿਆਪਕ ਰੂਪ ਨਾਲ ਕਲੀਸੀਆ ਨੂੰ ਭਾਵਵਾਚੀ ਪੱਤ੍ਰੀ ਨਹੀਂ ਸੀ ਲਿਖੀ। ਫਿਰ ਵੀ, ਇਸ ਤੋਂ ਪਹਿਲਾਂ ਕਿ ਉਹ ਜ਼ਿਆਦਾ ਸ਼ਾਂਤੀਪੂਰਵਕ ਗੱਲਾਂ ਬਾਰੇ ਲਿਖ ਸਕਦਾ, ਹੋਰ ਪਹਿਲੂ ਸਾਹਮਣੇ ਆ ਗਏ। ਜਿਵੇਂ ਹੀ ਇਸ ਤਰ੍ਹਾਂ ਹੋਇਆ, ਉਸ ਨੇ ਉਸ ਸਥਿਤੀ ਨੂੰ ਸੰਬੋਧਿਤ ਕਰਨ ਲਈ ਮਜ਼ਬੂਰ ਮਹਿਸੂਸ ਕੀਤਾ ਜੋ ਉਨ੍ਹਾਂ ਮਸੀਹੀ ਲੋਕਾਂ ਦੀ ਨਿਹਚਾ ਦੇ ਲਈ ਖ਼ਤਰਾ ਬਣ ਗਈ ਜਿਹੜੇ ਉਸ ਨੂੰ ਪਿਆਰੇ ਸਨ।

ਇਹ ਮਹੱਤਵਪੂਰਣ ਹੈ ਕਿ ਯਹੂਦਾਹ ਨੇ **ਓਸ ਨਿਹਚਾ** ਉੱਤੇ ਟਿੱਪਣੀ ਕੀਤੀ ਜਿਹੜੀ **ਇੱਕੋ ਹੀ ਵਾਰ ਸੌਂਪੀ ਗਈ ਸੀ**। ਉਸ ਨੂੰ ਇਹ ਨਹੀਂ ਸੁੱਝਿਆ ਕਿ ਉਸ ਗੱਲ ਬਾਰੇ ਬਹਿਸ ਕਰਨ ਦੀ ਕੋਈ ਲੋੜ ਹੈ ਕਿ ਪਰਮੇਸ਼ੁਰ ਨੇ ਖੁਦ ਨੂੰ ਆਪਣੇ ਲੋਕਾਂ ਤੇ ਪਰਗਟ ਕੀਤਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਦੋਂ ਉਸ ਨੇ "ਨਿਹਚਾ" ਦਾ ਹਵਾਲਾ ਦਿੱਤਾ, ਯਹੂਦਾਹ ਦਾ ਅਰਥ ਉਸ ਮਸੀਹੀ ਸਿੱਖਿਆ ਤੋਂ ਸੀ ਜਿਹੜੀ ਰਸੂਲੀ ਗਵਾਹਾਂ ਅਤੇ ਰਸੂਲੀ ਇਖ਼ਤਿਆਰ ਦੇ ਰਾਹੀਂ ਆਈ ਸੀ। ਸਭ ਤੋਂ ਮਹੱਤਵਪੂਰਣ ਗੱਲ, ਇਹ ਸੱਚਾਈ ਸੀ ਜੋ ਆਈ ਸੀ ਕਿਉਂਕਿ ਪਰਮੇਸ਼ੁਰ ਨੇ ਆਪਣੇ ਆਪ ਨੂੰ ਪਰਗਟ ਕੀਤਾ ਸੀ। ਸਿਰਫ ਇੱਕੋ ਤਰੀਕਾ ਜਿਸ ਨਾਲ ਮਸੀਹੀ ਲੋਕ ਜਾਣਦੇ ਹਨ ਕਿ ਕੀ ਵਿਸ਼ਵਾਸ ਕਰਨਾ ਹੈ, ਕਿਵੇਂ ਬੰਦਗੀ ਕਰਨੀ ਹੈ, ਜਾਂ

ਆਪਣੇ ਗੁਆਂਢੀਆਂ ਨਾਲ ਕਿਵੇਂ ਦਾ ਵਿਹਾਰ ਕਰਨਾ ਹੈ ਉਹ ਇਹ ਹੈ ਕਿ ਪਰਮੇਸ਼ੁਰ ਨੇ ਆਪ ਗੱਲ ਕੀਤੀ ਸੀ। "ਨਿਹਚਾ" ਤੋਂ ਯਹੂਦਾਹ ਦਾ ਜੋ ਅਰਥ ਸੀ ਉਹ ਉਨ੍ਹਾਂ ਇਸਤੇਮਾਲਾਂ ਤੋਂ ਥੋੜ੍ਹਾ ਜਿਹਾ ਵੱਖਰਾ ਹੈ ਜੋ ਨਵੇਂ ਨੇਮ ਵਿਚ ਪਾਏ ਜਾਂਦੇ ਹਨ। ਮਾਰਸ਼ਲ ਨੇ ਟਿੱਪਣੀ ਕੀਤੀ,

> ਸੋ ਇੱਥੇ ਭਰੋਸੇ ਅਤੇ ਸਮਰਪਣ ਦੇ ਕਾਰਜ ਵਜੋਂ ਨਿਹਚਾ ਦੀ ਬਜਾਇ ਜ਼ੋਰ ਮਸੀਹੀ ਸੰਦੇਸ਼ ਦੇ ਵਿਸ਼ਾ-ਵਸਤੂ ਤੇ ਹੈ ਜਿਸ ਤੇ ਵਿਸ਼ਵਾਸ ਕਰਨਾ ਹੈ, ਪਰ ਇੰਜੀਲ ਲਈ *ਨਿਹਚਾ* ਸ਼ਬਦ ਦੀ ਵਰਤੋਂ ਵਿਖਾਉਂਦੀ ਹੈ ਕਿ ਵਿਸ਼ਵਾਸ ਕਰਨ ਦਾ ਕਾਰਜ ਮਸੀਹੀਅਤ ਦਾ ਪੂਰਕ ਹੈ।[3]

ਪਵਿੱਤਰ ਵਚਨ ਪਰਮੇਸ਼ੁਰ ਦਾ ਪਰਕਾਸ਼ ਰਚਨਹਾਰ ਅਤੇ ਰਚਨਾ ਵਿਚਕਾਰ, ਪਰਮੇਸ਼ੁਰ ਅਤੇ ਉਸ ਦੇ ਲੋਕਾਂ ਵਿਚਕਾਰ ਵਾਸਤਵਿਕ ਕੜੀ ਪੇਸ਼ ਕਰਦਾ ਹੈ। ਹੋ ਸਕਦਾ ਹੈ ਕਿ ਯਹੂਦਾਹ ਦੇ ਪਹਿਲੇ ਪਾਠਕਾਂ ਕੋਲ ਪੂਰਾ ਨਵਾਂ ਨੇਮ ਉਪਲਬਧ ਨਹੀਂ ਸੀ। ਫਿਰ ਵੀ, ਉਹ ਪਰਮੇਸ਼ੁਰ ਦੇ ਪਰਗਟ ਕੀਤੇ ਹੋਏ ਵਚਨ ਤੋਂ ਜਾਣੂ ਸਨ ਜੋ ਉਨ੍ਹਾਂ ਨੂੰ ਰਸੂਲਾਂ ਦੇ ਰਾਹੀਂ ਮਿਲਿਆ ਸੀ। ਇਹ ਵਚਨ ਦੇ ਪਰਗਟ ਕੀਤੇ ਜਾਣ ਅਤੇ ਨਵੇਂ ਨੇਮ ਦੇ ਲਿਖਤੀ ਰੂਪ ਵਿਚ ਲਿਖੇ ਜਾਣ ਤੋਂ ਕੁਝ ਸਮੇਂ ਪਹਿਲਾਂ ਹੋਵੇਗਾ ਕਿ ਇਹ "ਨਿਹਚਾ" ਦੀਆਂ ਗੱਲਾਂ ਵਿਚ ਪਰਮੇਸ਼ੁਰ ਦੇ ਲੋਕਾਂ ਦਾ ਮਾਰਗ-ਦਰਸ਼ਕ ਬਣਿਆ।

ਜੌਨ ਸਟੌਟ ਨੇ ਇਸ ਨੂੰ ਵਧੀਆ ਤਰੀਕੇ ਨਾਲ ਵਿਅਕਤ ਕੀਤਾ ਹੈ: "ਇਸ ਤੋਂ ਪਹਿਲਾਂ ਕਿ ਸਾਨੂੰ ਪਰਮੇਸ਼ੁਰ ਨਾਲ ਗੱਲ ਕਰਨ ਦੀ ਕੋਈ ਅਜ਼ਾਦੀ ਮਿਲੇ ਪਰਮੇਸ਼ੁਰ ਨੂੰ ਸਾਡੇ ਨਾਲ ਗੱਲ ਕਰਨੀ ਚਾਹੀਦੀ ਹੈ। ਇਸ ਤੋਂ ਪਹਿਲਾਂ ਕਿ ਅਸੀਂ ਜੋ ਵੀ ਉਸ ਨੂੰ ਆਪਣੇ ਆਪ ਨੂੰ ਸਵੀਕਾਰਯੋਗ ਬੰਦਗੀ ਵਿਚ ਸੌਂਪੀਏ ਉਸ ਨੂੰ ਸਾਡੇ ਤੇ ਇਹ ਪਰਗਟ ਕਰਨਾ ਚਾਹੀਦਾ ਹੈ ਕਿ ਉਹ ਕੌਣ ਹੈ। ਪਰਮੇਸ਼ੁਰ ਦੀ ਬੰਦਗੀ ਹਮੇਸ਼ਾ ਪਰਮੇਸ਼ੁਰ ਦੇ ਵਚਨ ਪ੍ਰਤੀ ਇਕ ਜਵਾਬ ਹੁੰਦਾ ਹੈ।"[4] ਯਹੂਦਾਹ ਦੇ ਪਾਠਕਾਂ ਲਈ ਸਮੱਸਿਆ ਇਹ ਸੀ ਕਿ ਉਨ੍ਹਾਂ ਦੇ ਪਹਿਲੇ ਦੋਵੇਂ ਉਪਦੇਸ਼ਕ ਅਤੇ ਉਹ ਜਿਹੜੇ ਬਾਅਦ ਵਿਚ ਆਏ ਸਨ ਪਰਮੇਸ਼ੁਰ ਵੱਲੋਂ ਸੰਦੇਸ਼ ਸੁਣਾਉਣ ਦਾ ਦਾਅਵਾ ਕੀਤਾ ਸੀ, ਪਰ ਉੱਥੇ ਦੋ ਵੱਖ-ਵੱਖ ਸੰਦੇਸ਼ ਸਨ। ਯਹੂਦਾਹ ਨੇ ਉਨ੍ਹਾਂ ਨੂੰ ਉਹ ਚੁਣਨ ਵਿਚ ਮਦਦ ਕੀਤੀ ਜਿਹੜਾ ਪਰਮੇਸ਼ੁਰ ਵੱਲੋਂ ਸੀ।

ਪਰਤੱਖ ਰੂਪ ਵਿਚ ਯਹੂਦਾਹ ਨੇ ਇਨ੍ਹਾਂ ਮਸੀਹੀ ਲੋਕਾਂ ਨੂੰ ਉਨ੍ਹਾਂ ਦੀ **ਸਾਂਝੀ ਮੁਕਤੀ** ਬਾਰੇ ਪਹਿਲਾਂ ਵੀ ਲਿਖਣਾ ਚਾਹਿਆ ਸੀ। ਫਿਰ ਵੀ, ਹਾਲਾਤਾਂ ਦੇ ਕਾਰਣ ਮੌਜੂਦਾ ਪੱਤ੍ਰੀ ਲਿਖਣ ਦੀ ਲੋੜ ਪਈ ਜਿਸ ਨੇ ਇਹ ਮੰਗ ਕੀਤੀ ਕਿ ਉਹ ਨਿਹਚਾ ਦੇ ਲਈ **ਜਤਨ ਕਰਨ**। ਯਹੂਦਾਹ ਨੇ ਲਿਖਿਆ, ਮੈਂ ਤਗੀਦ ਕਰਨੀ ਜ਼ਰੂਰੀ ਜਾਣੀ। ਕਿਦਰੰਤ ποιούμενος (*ਪੋਇਓਮੁਨੇਸ*) ਨੂੰ ਅਨੁਮੋਦਨ ਸੂਚਕ ਦੇ ਤੌਰ ਤੇ ਲੈਂਦੇ ਹੋਏ, ਅਨੁਵਾਦ ਕੁਝ ਇਸ ਤਰ੍ਹਾਂ ਹੋਵੇਗਾ, "ਹਾਲਾਂਕਿ ਮੈਂ ਕਾਰਨਵਾਚਕ ਦੀ ਬਜਾਇ ਸਾਂਝੀ ਮੁਕਤੀ ਬਾਰੇ ਲਿਖਣ ਲਈ ਉਤਸੁਕ ਸਾਂ," "ਕਿਉਂਕਿ ਮੈਂ ਉਤਸੁਕ ਸਾਂ . . . ।" ਸੁਝਾਵ ਇਹ ਹੈ ਕਿ ਯਹੂਦਾਹ ਨੇ ਇਸ ਕਿਸਮ ਦੀ ਪੱਤ੍ਰੀ ਉਨ੍ਹਾਂ ਨੂੰ ਜੱਕੋ-ਤੱਕੀ ਲਿਖੀ ਸੀ। ਫਿਲਹਾਲ, ਮਸੀਹੀ ਲੋਕ ਜਿਨ੍ਹਾਂ ਨੂੰ ਯਹੂਦਾਹ ਨੇ ਸੰਬੋਧਿਤ ਕੀਤਾ ਸੀ ਮਸੀਹੀ ਨੂੰ ਤਿਆਗਣ ਦੇ ਖ਼ਤਰੇ ਵਿਚ ਸਨ। ਉਨ੍ਹਾਂ ਵਿੱਚੋਂ ਘੱਟੋ-ਘੱਟ ਇਕ ਜਣਾ ਝੂਠੇ ਗੁਰੂਆਂ ਕੋਲੋਂ ਧੋਖਾ ਖਾ ਚੁੱਕਾ ਸੀ। ਉਹ ਤਦ ਮਸੀਹੀ ਕਿਰਪਾਵਾਂ ਵਿਚ ਵਧਣ ਦੀ ਹਾਲਤ ਵਿਚ ਨਹੀਂ ਸਨ ਜਦੋਂ ਤੱਕ ਉਹ ਨਿਹਚਾ ਵਿਚ ਕਾਇਮ ਨਹੀਂ ਸੀ ਹੋ ਜਾਂਦੇ। ਅਸੀਂ ਸਿਰਫ ਕਿਆਸ ਲਗਾ ਸਕਦੇ ਹਾਂ ਕਿ ਯਹੂਦਾਹ ਨੇ ਕਿਸ ਕਿਸਮ ਦੀ ਪੱਤ੍ਰੀ ਲਿਖਣੀ ਸੀ ਜੇਕਰ ਉਹ "ਸਾਂਝੀ ਮੁਕਤੀ" ਬਾਰੇ ਪ੍ਰੇਰਣਾਦਾਇਕ ਗੱਲਾਂ ਨਾ ਲਿਖਦਾ।

"ਨਿਹਚਾ" ਨੂੰ ਹੋਰਨਾਂ ਗੱਲਾਂ ਦੇ ਨਾਲ-ਨਾਲ ਮਸੀਹੀ ਸਿੱਖਿਆ ਦੇ ਲਈ ਵਰਤਿਆ ਗਿਆ ਸੀ ਜੋ ਪਰਮੇਸ਼ੁਰ ਤੋਂ ਪ੍ਰੇਰਣਾ ਪਾਏ ਮਨੁੱਖਾਂ ਦੁਆਰਾ ਆਈਆਂ ਸਨ। ਪੌਲੁਸ ਨੇ ਆਮ ਤੌਰ ਤੇ ਭਰੋਸੇ ਦੇ ਭਾਵ ਵਿਚ ਇਸ ਸ਼ਬਦ ਨੂੰ ਵਰਤਿਆ, ਪਰ ਕੁਝ ਹਾਲਾਤਾਂ ਵਿਚ ਉਸ ਨੇ "ਨਿਹਚਾ" ਦੇ ਬਾਰੇ ਵੀ ਲਿਖਿਆ। ਪੌਲੁਸ ਲਈ ਵੀ, ਇਸ ਦਾ ਅਰਥ ਮਸੀਹੀ ਵਿਸ਼ਵਾਸ ਅਤੇ ਵਿਹਾਰ ਦਾ ਤੱਤ ਹੋ ਸਕਦਾ ਹੈ (ਗਲਾਤੀਆਂ 1:23; 1 ਤਿਮੋਥਿਉਸ 1:2; 3:9; 4:1, 6; 5:8; 6:10, 21; 2 ਤਿਮੋਥਿਉਸ 3:8; 4:7; ਤੀਤੁਸ 1:13)। ਸੰਪੂਰਣ ਮਸੀਹੀ ਸਿੱਖਿਆ, ਇਕਰਾਰ ਅਤੇ ਕਲੀਸੀਆ ਦਾ ਕੰਮਕਾਜ ਰਸੂਲੀ ਉਪਦੇਸ਼ਕਾਂ ਦੁਆਰਾ ਯਹੂਦਾਹ ਦੇ ਪਾਠਕਾਂ ਨੂੰ ਸੌਂਪ ਦਿੱਤਾ ਗਿਆ। ਯਹੂਦਾਹ ਨੇ ਉਸ ਦੀ ਨੀਂਹ ਰੱਖੀ ਜੋ ਅੱਗੇ ਆਉਣ ਵਾਲਾ ਸੀ। ਉਸ ਦਾ ਭਾਵ ਇਹ ਸੀ ਕਿ "ਨਿਹਚਾ" ਜੋ ਉਨ੍ਹਾਂ ਦੇ ਕੋਲ ਆਈ ਸੀ, ਘੱਟੋ-ਘੱਟ ਕੁਝ ਹਿੱਸਿਆਂ ਵਿਚ, ਪਰਸਤਾਵਤ ਸੱਚਾਈਆਂ ਅਤੇ ਨੈਤਿਕ ਆਗਿਆਵਾਚਕਾਂ ਦੇ ਰੂਪ ਵਿਚ ਆਈ ਸੀ ਜਿਸ ਨਾਲ ਸਮਝੌਤਾ ਨਹੀਂ ਸੀ ਕਰਨਾ।

ਖੇਡ ਮੁਕਾਬਲੇ ਵਿੱਚੋਂ ਰੂਪਕ ਦੀ ਵਰਤੋਂ ਕਰਦਿਆਂ, ਯਾਕੂਬ ਦੇ ਭਰਾ ਨੇ ਆਪਣੇ ਪਾਠਕਾਂ ਨੂੰ ਉਸ "ਨਿਹਚਾ ਦੇ ਲਈ ਜਤਨ ਕਰਨ" ਦੀ ਬੇਨਤੀ ਕੀਤੀ ਜੋ ਉਨ੍ਹਾਂ ਨੂੰ ਪ੍ਰਾਪਤ ਹੋਈ ਸੀ। ਜਿਵੇਂ-ਜਿਵੇਂ ਪੱਤ੍ਰੀ ਖੁੱਲ੍ਹਦੀ ਜਾਂਦੀ ਹੈ, ਇਹ ਸਪੱਸ਼ਟ ਹੁੰਦਾ ਜਾਂਦਾ ਹੈ ਕਿ ਉਸ ਦਾ ਅਰਥ ਇਹ ਸੀ ਕਿ ਉਨ੍ਹਾਂ ਨੇ ਉਪਦੇਸ਼ਕਾਂ ਨੂੰ ਇਸ ਨਾਲ ਸਮਝੌਤਾ ਨਹੀਂ ਸੀ ਕਰਨ ਦੇਣਾ ਜਿਸ ਦਾ ਵਰਣਨ ਅੱਗੇ ਆਉਣ ਵਾਲੇ ਪੈਰ੍ਹਿਆਂ ਵਿਚ ਕੀਤਾ ਗਿਆ ਹੈ। ਰਸੂਲੀ ਸਿੱਖਿਆਵਾਂ ਜੋ ਉਨ੍ਹਾਂ ਨੂੰ ਪ੍ਰਾਪਤ ਹੋਈਆਂ ਸਨ ਮੁਕੰਮਲ ਸਨ, ਉਨ੍ਹਾਂ ਦਾ ਪੂਰਨ ਤੌਰ ਤੇ ਮਾਰਗ-ਦਰਸ਼ਣ ਕਰਨ ਵਿਚ ਸਮਰੱਥ ਸਨ। ਭਾਵੇਂ ਇਹ ਕਿੰਨਾ ਹੀ ਬੁਰਾ ਲੱਗੇ, ਇਹੋ ਜਿਹਾ ਸਮਾਂ ਆਉਂਦਾ ਹੈ ਜਦੋਂ ਮਸੀਹੀ ਲੋਕਾਂ ਨੂੰ ਸੱਚਾਈ ਦੇ ਲਈ ਖੜ੍ਹੇ ਹੋਣਾ ਚਾਹੀਦਾ ਹੈ, ਭਾਵੇਂ ਇਸ ਦਾ ਅਰਥ ਉਨ੍ਹਾਂ ਨਾਲ ਲੜਾਈ ਹੀ ਕਿਉਂ ਨਾ ਹੋਵੇ ਜਿਹੜੇ ਮਸੀਹੀ ਭਰਾ ਜਾਂ ਭੈਣਾਂ ਹੋਣ ਦਾ ਦਾਅਵਾ ਕਰਦੇ ਹਨ।

**ਆਇਤ 4.** ਜਿਹੜੇ "ਨਿਹਚਾ" ਨਾਲ ਸਮਝੌਤਾ ਕਰ ਰਹੇ ਸਨ ਉਨ੍ਹਾਂ ਨੇ ਪਰਤੱਖ ਰੂਪ ਵਿਚ ਧੋਖੇਬਾਜ਼ੀ ਅਤੇ ਗੁਪਤ ਸਾਧਨਾਂ ਰਾਹੀਂ ਮਸੀਹੀ ਭਰੋਸਿਆਂ ਵਿਚ ਅੱਗੇ ਵਧੇ ਸਨ: ਉਹ **ਚੋਰੀਂ ਆ ਵੜੇ**। ਸ਼ਾਇਦ ਉਹ ਫਿਰਤੂ ਉਪਦੇਸ਼ਕ/ਨਬੀ ਸਨ, ਪਰ ਉਹ ਉਨ੍ਹਾਂ ਦੇ ਮਸੀਹ ਵਿਚ ਆਉਣ ਤੋਂ ਪਹਿਲਾਂ ਸਮਾਜ ਜਾਂ ਇਬਾਦਤਘਰ ਵਿਚ ਉਨ੍ਹਾਂ ਦਾ ਇਕ ਲੰਮਾ ਇਤਹਾਸ ਸੀ। ਮਸੀਹੀ ਬਣਨ ਤੋਂ ਪਹਿਲਾਂ ਸਮਾਜ ਜਾਂ ਇਬਾਦਤਘਰਾਂ ਵਿਚ ਸਪੱਸ਼ਟ ਤੌਰ ਤੇ ਉਹ ਲੋਕ ਸਨ ਜਿਨ੍ਹਾਂ ਦਾ ਝੁਕਾ ਦਾਰਸ਼ਨਿਕ ਧਾਰਾਵਾਂ ਵੱਲ ਸੀ ਜੋ ਉਨ੍ਹਾਂ ਨੂੰ ਯੂਨਾਨੀ ਸੰਸਾਰ ਵਿਚ ਬਹਾ ਕੇ ਲੈ ਗਈਆਂ। ਜਦੋਂ ਮਸੀਹੀ ਉਪਦੇਸ਼ਕ ਆਏ, ਇਹੋ ਜਿਹੇ ਵਿਅਕਤੀਆਂ ਨੇ ਸੰਭਵ ਤੌਰ ਤੇ ਉਨ੍ਹਾਂ ਦੇ ਸੰਦੇਸ਼ ਨੂੰ ਪਹਿਲਾਂ ਸਵੀਕਾਰ ਕੀਤਾ ਸੀ।

ਕੋਈ ਅਸਾਨੀ ਨਾਲ ਇਹ ਕਲਪਨਾ ਕਰ ਸਕਦਾ ਹੈ ਕਿ ਜ਼ਿਆਦਾ ਯੂਨਾਨੀ-ਝੁਕਾ ਵਾਲੇ ਯਹੂਦੀ ਲੋਕ ਮਸੀਹੀ ਅਜ਼ਾਦੀ ਨੂੰ ਉਸ ਹੱਦ ਤੱਕ ਲੈ ਕੇ ਜਾਣ ਲਈ ਤਿਆਰ ਸਨ ਜਿੱਥੇ ਇਹ ਇਕ ਇਕ ਨੈਤਿਕ ਲਾਇਸੈਂਸ ਬਣ ਗਈ। ਯਹੂਦਾਹ ਕੋਲ ਉਨ੍ਹਾਂ ਦੇ ਲਈ ਸਮਾਂ ਨਹੀਂ ਸੀ। ਝੂਠੇ ਗੁਰੂ **ਸਜ਼ਾ ਲਈ ਪਰਾਚੀਨ ਕਾਲ ਵਿੱਚ ਅਗੇਤਰੇ ਲਿਖੇ ਗਏ ਸਨ**। ਉਸ ਦਾ ਇਹ ਬਿਆਨ ਸਧਾਰਨ ਸੀ। ਯਹੂਦਾਹ ਦਾ ਇਹ ਅਰਥ ਨਹੀਂ ਸੀ ਕਿ ਇਹ ਵਿਸ਼ੇਸ਼ ਗੁਰੂ ਵਿਅਕਤੀਗਤ ਤੌਰ ਤੇ ਯੁੱਗਾਂ ਤੋਂ ਅਗੰਮ ਵਾਕ ਦਾ ਪਾਤਰ ਰਹੇ ਸਨ। ਨਾ ਹੀ ਉਸ ਦਾ ਇਕ ਅਰਥ ਸੀ ਕਿ ਉਹ ਪਰਮੇਸ਼ੁਰ ਦਾ ਨਿਰਾਦਰ ਕਰਨ ਲਈ ਸੰਸਾਰ ਦੀ ਨੀਂਹ ਰੱਖਣ ਤੋਂ

ਪਹਿਲਾਂ ਠਹਿਰਾਏ ਗਏ ਸਨ। ਬਲਕਿ, ਯਹੂਦਾਹ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਝੂਠੇ ਗੁਰੂ ਪਰਮੇਸ਼ੁਰ ਦੀ ਯੋਜਨਾ ਨੂੰ ਨਿਸਫਲ ਨਹੀਂ ਕਰਨਗੇ। ਉਹ ਉਨ੍ਹਾਂ ਨਾਲ ਨਜਿੱਠੇਗਾ। ਝੂਠੇ ਗੁਰੂ ਬੀਤੇ ਸਮੇਂ ਵਿਚ ਪਰਮੇਸ਼ੁਰ ਦੇ ਲੋਕਾਂ ਵਿਚ ਖੜ੍ਹੇ ਹੋਏ ਸਨ। ਜਿਵੇਂ ਉਸ ਨੇ ਹਮੇਸ਼ਾ ਕੀਤਾ ਸੀ, ਪਰਮੇਸ਼ੁਰ ਉਨ੍ਹਾਂ ਦਾ ਨਾਸ ਕਰੇਗਾ।

ਜਿਵੇਂ ਕਿ 2 ਪਤਰਸ ਵਿਚ ਹੈ, ਝੂਠੇ ਗੁਰੂਆਂ ਨੇ ਲੋਕਾਂ ਨੂੰ ਆਪਣੇ ਪਿੱਛੇ ਲਗਾਉਣ ਦੇ ਲਈ ਮਨੁੱਖੀ ਸੁਭਾਅ ਦੇ ਸੰਵੇਦਨਾਵਾਦੀ ਹਿੱਸੇ ਨੂੰ ਅਪੀਲ ਕੀਤੀ। 2 ਪਤਰਸ 2:1–3 ਨਾਲ ਤੁਲਨਾ ਤੇ ਧਿਆਨ ਦਿਓ: (1) ਉਹ ਇੱਕੋ ਹੀ ਸੁਆਮੀ ਅਤੇ ਪ੍ਰਭੂ ਦਾ ਇਨਕਾਰ ਕਰਦੇ ਹਨ; (2) ਉਨ੍ਹਾਂ ਨੇ ਲੁੱਟਪੁਣਾ ਕੀਤਾ; (3) ਉਨ੍ਹਾਂ ਦੀ ਸਜ਼ਾ ਪਰਾਚੀਨ ਕਾਲ ਤੋਂ ਸੀ; (4) ਅਤੇ ਉਹ ਚੋਰੀਂ ਅੰਦਰ ਆ ਵੜੇ ਸਨ।

ਯਹੂਦਾਹ ਨੇ "ਸ਼ਤਾਨੀ ਮਨੁੱਖਾਂ" ਦੀਆਂ ਦੋ ਵਿਸ਼ੇਸ਼ਤਾਵਾਂ ਤੇ ਧਿਆਨ ਕੇਂਦਰਿਤ ਕੀਤਾ। ਪਹਿਲੀ ਵਿਸ਼ੇਸ਼ਤਾ, ਉਹ **ਪਰਮੇਸ਼ੁਰ ਦੀ ਕਿਰਪਾ ਨੂੰ ਉਲਟਾ ਕਰ ਕੇ ਲੁੱਚਪੁਣੇ ਵੱਲ ਲਾ ਲੈਂਦੇ ਹਨ**। ਇਸ ਤੋਂ ਇਲਾਵਾ, ਉਸ ਨੇ ਕਿਹਾ, ਉਹ **ਯਿਸੂ ਮਸੀਹ ਦਾ ਜਿਹੜਾ ਇੱਕੋ ਹੀ ਸਾਡਾ ਸੁਆਮੀ ਅਤੇ ਪ੍ਰਭੂ ਹੈ ਇਨਕਾਰ ਕਰਦੇ ਹਨ**। ਪਰਤੱਖ ਰੂਪ ਵਿਚ ਉਸ ਦਾ ਅਰਥ ਸੀ ਕਿ ਮਸੀਹੀ ਇਕਰਾਰ ਦੁਆਰਾ ਕੁਝ ਜ਼ਰੂਰੀ ਗੱਲਾਂ ਦੀ ਪੁਸ਼ਟੀ ਕਰਨ ਦੀ ਲੋੜ ਸੀ ਕਿ ਇਨ੍ਹਾਂ ਗੁਰੂਆਂ ਨੇ ਜਾਂ ਤਾਂ ਸਾਫ਼ ਤੌਰ ਤੇ ਇਨਕਾਰ ਕੀਤਾ ਸੀ ਜਾਂ ਇਹ ਕਿ ਉਨ੍ਹਾਂ ਦੀ ਸਿੱਖਿਆ ਅਤੇ ਵਿਹਾਰ ਨਾਲ ਸਪੱਸ਼ਟ ਤੌਰ ਤੇ ਸਮਝੌਤਾ ਕੀਤਾ ਗਿਆ ਸੀ। ਯਾਕੂਬ ਦੇ ਭਰਾ ਨੇ ਉਨ੍ਹਾਂ ਦੇ ਇਨਕਾਰ ਕਰਨ ਦੇ ਤਰੀਕੇ ਬਾਰੇ ਵਿਸਤਾਰ ਨਾਲ ਨਹੀਂ ਦੱਸਿਆ। ਉਸ ਨੇ ਬਸ ਇੰਨਾ ਸਪੱਸ਼ਟ ਕੀਤਾ: ਮਸੀਹੀ ਇਕਰਾਰ ਦੀ ਸ਼ੁਰੂਆਤ ਇਹ ਹੈ ਕਿ ਯਿਸੂ "ਸੁਆਮੀ ਅਤੇ ਪ੍ਰਭੂ" ਹੈ। ਭਾਵ ਅਰਥ ਇਹ ਹੈ ਕਿ ਲੋਕ ਹੋਣ ਦੇ ਨਾਤੇ ਵਿਅਕਤੀਗਤ ਵਿਸ਼ਵਾਸੀ ਅਤੇ ਕਲੀਸੀਆ ਦੋਹਾਂ ਦੇ ਲਈ ਯਿਸੂ ਨਾਸਰੀ ਤੋਂ ਇਲਾਵਾ ਕੋਈ ਵੱਡੀ ਹਕੂਮਤ, ਵੱਡੀ ਵਫ਼ਾਦਾਰੀ ਅਤੇ ਵੱਡੀ ਤਾਬੇਦਾਰੀ ਨਹੀਂ ਹੈ।

"ਮਸੀਹ ਨੂੰ 'ਪ੍ਰਭੂ' ਕਹਿਣ ਦੇ ਦੋ ਮੂਲ ਭਾਵ ਅਰਥ ਹਨ। ਇਹ *ਇਕਰਾਰ* ਨੂੰ ਜਾਹਿਰ ਕਰਦਾ ਹੈ, ਇਸ ਸੰਬੰਧੀ ਭਰੋਸੇ ਦੀ ਗੱਲ ਕਿ ਮਸੀਹ ਕੌਣ ਹੈ। ਪਰ ਮਸੀਹ ਨੂੰ 'ਪ੍ਰਭੂ' ਕਹਿਣਾ ਦਾ ਅਰਥ *ਸਮਰਪਣ* ਵੀ ਹੈ।"[5] ਝੂਠੇ ਗੁਰੂਆਂ ਦਾ ਰਵੱਈਆ, ਜੀਵਨ ਵਿਚ ਲੁੱਚਪੁਣੇ ਦੀ ਵਕਾਲਤ ਕਰਨਾ ਅਤੇ ਯਿਸੂ ਦੇ ਪ੍ਰਭੂ ਹੋਣ ਦਾ ਇਨਕਾਰ ਕਰਨਾ, ਵਾਧੂ ਗੱਲਾਂ ਸਨ। ਉਨ੍ਹਾਂ ਨੇ ਮਸੀਹੀ ਨਿਹਚਾ ਦੇ ਮੂਲ ਇਕਰਾਰ ਅਤੇ ਜੀਉਣ ਦਾ ਢੰਗ ਜਿਸ ਦੀ ਇਹ ਮੰਗ ਕਰਦਾ ਸੀ ਦੋਹਾਂ ਨਾਲ ਸਮਝੌਤਾ ਕੀਤਾ ਸੀ। ਜੇਕਰ ਯਹੂਦਾਹ ਨੇ ਉਨ੍ਹਾਂ ਦੇ ਵਿਰੁੱਧ ਉਗਰ ਅਤੇ ਸਮਝੌਤੇ ਲਈ ਤਿਆਰ ਨਾ ਹੋਣ ਵਾਲੇ ਸ਼ਬਦ ਕਹੇ ਸਨ, ਤਾਂ ਉਸ ਨੇ ਇਹ ਸ਼ਬਦ ਇਸ ਲਈ ਕਹੇ ਸਨ ਕਿਉਂਕਿ ਉਨ੍ਹਾਂ ਯਿਸੂ ਦਾ ਨਾਮ ਬਦਨਾਮ ਕੀਤਾ ਸੀ।

# ਪ੍ਰਾਸੰਗਿਕਤਾ

### ਨਿਹਚਾ ਲਈ ਜਤਨ ਕਰਨਾ (ਆਇਤਾਂ 3, 4)

ਹਰ ਮਸੀਹੀ ਵਿਅਕਤੀ ਉਨ੍ਹਾਂ ਮੱਤ-ਭੇਦਾਂ, ਗਲਤਫਹਿਮੀਆਂ ਅਤੇ ਝਗੜਿਆਂ ਨਾਲ ਨਜਿੱਠਣ ਦਾ ਕੋਈ ਨਾ ਕੋਈ ਤਰੀਕਾ ਵਿਕਸਤ ਕਰੇਗਾ ਜੋ ਵਿਸ਼ਵਾਸੀਆਂ ਦੀ ਦੇਹ ਵਿਚ ਖੜ੍ਹੇ ਹੁੰਦੇ ਹਨ। ਇਹ ਗੱਲ ਖਾਸ ਕਰਕੇ ਉਨ੍ਹਾਂ ਪ੍ਰਚਾਰਕਾਂ ਅਤੇ ਉਪਦੇਸ਼ਕਾਂ ਬਾਰੇ ਬਿਲਕੁਲ ਸੱਚ

ਹੈ ਜਿਹੜੇ ਮਸੀਹ ਦੇ ਕੰਮ ਵਿਚ ਆਪਣਾ ਸਾਰਾ ਸਮਾਂ ਅਤੇ ਊਰਜਾ ਲਗਾਉਂਦੇ ਹਨ। ਇਹੋ ਜਿਹੀਆਂ ਮੁਸ਼ਕਲਾਂ ਨਾਲ ਨਜਿੱਠਣ ਦੀਆਂ ਦੋ ਚਰਮ ਸੀਮਾਵਾਂ ਹਨ। ਕੁਝ ਨਿਰਾਸ਼ਾ ਨਾਲ ਸਵਾਲਾਂ, ਵੱਖ-ਵੱਖ ਵਿਚਾਰ ਅਤੇ ਕਲੀਸੀਆ ਅੰਦਰ ਝਗੜਿਆਂ ਤੋਂ ਘਿਰਣਾ ਕਰਦੇ ਸਨ ਅਤੇ "ਭਰੱਪਣ ਦੇ ਮੁੱਦਿਆਂ" ਦੇ ਪਹਿਚਾਨਣ ਯੋਗ ਮਖੌਲ ਨਾਲ ਗੱਲ ਕਰਨ ਲਈ ਆਉਂਦੇ ਸਨ। ਕਈਆਂ ਕੋਲ ਕਿਸੇ ਹੋਰ ਚੀਜ਼ ਲਈ ਸਮਾਂ ਅਤੇ ਊਰਜਾ ਹੁੰਦੀ ਹੈ ਅਤੇ ਇਕ ਚੰਗੀ ਬਹਿਸ ਨੂੰ ਸੁਣਨ ਦੇ ਲਈ ਕਈ ਮੀਲਾਂ ਦਾ ਸਫ਼ਰ ਕਰਕੇ ਜਾਣਗੇ। ਯਹੂਦਾਹ ਦੀ ਪੱਤ੍ਰੀ ਸਾਨੂੰ ਜ਼ਿਆਦਾ ਸੰਤੁਲਿਤ ਚਰਚਾ ਕਰਨ ਵੱਲ ਲੈ ਕੇ ਜਾਂਦੀ ਹੈ।

ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਦੇ ਵਾਂਗ, ਯਾਕੂਬ ਦੇ ਭਰਾ ਨੇ ਕਿਹਾ ਹੈ ਕਿ ਉਹ ਸਾਂਝੀ ਮੁਕਤੀ ਦੇ ਸੰਦੇਸ਼ ਨੂੰ ਵੰਡਣਾ ਚਾਹ ਰਿਹਾ ਸੀ ਜਿਸ ਦਾ ਉਸ ਨੇ ਆਪਣੇ ਪਾਠਕਾਂ ਨਾਲ ਅਨੰਦ ਮਾਣਿਆ ਸੀ। ਮਸੀਹੀਅਤ ਦੀਆਂ ਇਕ ਕਰਨ ਵਾਲੀਆਂ ਧਾਰਣਾਵਾਂ ਬਾਰੇ ਗੱਲ ਕਰਨਾ ਅਤੇ ਲਿਖਣਾ ਅਨੰਦ ਅਤੇ ਨਿਹਚਾ ਨੂੰ ਉਸਾਰਨਾ ਹੈ। ਕੋਈ ਕਿਉਂ ਝੂਠੇ ਗੁਰੂਆਂ ਨਾਲ ਝਗੜਾ ਕਰੇਗਾ ਜਦੋਂ ਉਹ ਪ੍ਰੇਮ, ਛੁਟਕਾਰੇ ਅਤੇ ਮੁਕਤੀ ਦੇ ਮਹਾਨ ਵਿਸ਼ਿਆ ਤੇ ਧਿਆਨ ਕਰ ਸਕਦਾ ਅਤੇ ਇਨ੍ਹਾਂ ਨੂੰ ਸਾਂਝਿਆ ਕਰ ਸਕਦਾ ਹੈ? ਯਹੂਦਾਹ ਦੇ ਲਈ ਇਹ ਜ਼ਰੂਰਤ ਦੀ ਗੱਲ ਸੀ। ਉਹ ਸਮਝ ਗਿਆ ਸੀ ਕਿ ਮਸੀਹ ਦੇ ਸੰਦੇਸ਼ ਨਾਲ ਸਮਝੌਤਾ ਕੀਤਾ ਜਾ ਰਿਹਾ ਸੀ ਅਤੇ ਉਸ ਦੇ ਪਾਠਕ ਉਸ ਸਾਂਝੀ ਮੁਕਤੀ ਨੂੰ ਗੁਆਉਣ ਦੇ ਖ਼ਤਰੇ ਵਿਚ ਸਨ ਜਿਸ ਦਾ ਉਨ੍ਹਾਂ ਨੇ ਅਨੰਦ ਮਾਣਿਆ ਸੀ।

ਭਾਵੇਂ ਇਹ ਕਿੰਨਾ ਵੀ ਬੁਰਾ ਲੱਗੇ, ਨਿਹਚਾ ਲਈ ਜਤਨ ਕਰਨ ਦੇ ਸਮੇਂ ਹੁੰਦੇ ਹਨ। ਯਹੂਦਾਹ ਨੇ ਸਾਡੇ ਸਾਹਮਣੇ ਪੱਤ੍ਰੀ ਵਿਚ ਸੱਚੇ ਮਨੋਂ ਜਤਨ ਕੀਤਾ ਅਤੇ ਆਪਣੇ ਪਾਠਕਾਂ ਨੂੰ ਇਹੋ ਕਰਨ ਦੀ ਬੇਨਤੀ ਕੀਤੀ। ਇਹ ਕਾਲਪਨਕ ਬਿੱਤਦਾਂ ਨਹੀਂ ਸਨ ਜੋ ਕਿ ਨਿੱਜੀ ਵਿਚਾਰਾਂ ਤੋਂ ਵੱਧ ਨਾ ਦੇ ਬਰਾਬਰ ਸਨ। ਗੁਰੂਆਂ ਦਾ ਸੰਦੇਸ਼ ਜਿਨ੍ਹਾਂ ਦਾ ਯਹੂਦਾਹ ਨੇ ਸਾਹਮਣਾ ਕੀਤਾ ਸੀ, ਜੇਕਰ ਇਸ ਦੀ ਪਾਲਣਾ ਕੀਤੀ ਜਾਂਦੀ, ਤਾਂ ਇਸ ਨੇ ਮਸੀਹੀ ਧਰਮ ਦੇ ਬੁਨਿਆਦੀ ਸੁਭਾਅ ਨੂੰ ਬਦਲ ਦੇਣਾ ਸੀ।

**ਉਦਾਰਵਾਦ (ਆਇਤਾਂ 3, 4)**

ਨਵੇਂ ਨੇਮ ਦੇ ਫ਼ਰੀਸੀ ਭਗਤੀ ਵਾਲੇ ਜੀਵਨ ਨੂੰ ਨਿਯਮਾਂ ਤੱਕ ਹੀ ਸੀਮਤ ਕਰਨਾ ਚਾਹੁੰਦੇ ਸਨ। ਉਹ ਅਕਸਰ ਯਿਸੂ ਦੇ ਵੈਰੀ ਸਨ। ਪ੍ਰਭੂ ਨੇ ਉਨ੍ਹਾਂ ਦੇ ਨਿਯਮਾਂ ਦੀ ਬਹੁਤ ਜ਼ਿਆਦਾ ਪਰਵਾਹ ਨਹੀਂ ਕੀਤੀ। ਫ਼ਰੀਸੀਆਂ ਨੂੰ ਅਕਸਰ "ਧਾਰਮਿਕ ਸਿਧਾਂਤਾਂ ਨੂੰ ਮੰਨਣ ਵਾਲਿਆਂ" ਦਾ ਨਾਂਅ ਦਿੱਤਾ ਜਾਂਦਾ ਸੀ। ਪਰਿਭਾਸ਼ਾਵਾਂ ਜ਼ਰੂਰੀ ਹਨ। ਧਾਰਮਿਕ ਸਿਧਾਂਤਾਂ ਨੂੰ ਮੰਨਣ ਵਾਲਾ ਵਿਅਕਤੀ ਉਹ ਨਹੀਂ ਹੈ ਜੋ ਉਹ ਕਰਨ ਵਿਚ ਸਾਵਧਾਨ ਹੁੰਦਾ ਹੈ ਜੋ ਪਰਮੇਸ਼ੁਰ ਹੁਕਮ ਦਿੰਦਾ ਹੈ। ਉਹ ਇਹੋ ਜਿਹਾ ਵਿਅਕਤੀ ਹੈ ਜਿਹੜਾ ਹਰ ਸਵਾਲ ਲਈ ਪੱਕਾ ਨਿਯਮ ਚਾਹੁੰਦਾ ਹੈ ਜੋ ਕਲੀਸੀਆ ਦੇ ਇਸ ਜੀਵਨ ਵਿਚ ਜਾਂ ਉਸ ਦੇ ਆਪਣੇ ਨੈਤਿਕ ਜੀਵਨ ਵਿਚ ਖੜ੍ਹਾ ਹੁੰਦਾ ਹੈ। ਜੇਕਰ ਹਰ ਗੱਲ ਨੂੰ ਲਿਖਣ ਦੇ ਨਿਯਮ ਨਹੀਂ ਹਨ ਤਾਂ ਉਹ ਕੁਝ ਨਿਯਮ ਲਿਖੇਗਾ। ਉਹ ਪਰਮੇਸ਼ੁਰ ਨਾਲੋਂ ਵੀ ਸਖ਼ਤ ਹੈ।

ਆਪਣੀਆਂ ਬਾਈਬਲਾਂ ਨੂੰ ਖੋਲ੍ਹ ਕੇ, ਮਸੀਹੀ ਲੋਕਾਂ ਨੇ (1) ਵਿਸ਼ਵਾਸੀਆਂ ਵਿਚ ਚਰਚਾ ਅਤੇ ਦ੍ਰਿਸ਼ਟੀਕੋਣਾਂ ਦੇ ਮੱਤਭੇਦਾਂ ਤੇ ਚਰਚਾ ਕਰਨ ਦੇਣ ਅਤੇ (2) ਬਾਈਬਲ ਦੀ ਸਿੱਖਿਆ ਦੇ ਅਨੁਸਾਰ ਚੱਲਣ ਤੇ ਜ਼ੋਰ ਦੇਣ ਵਿਚ ਇਕ ਸੰਤੁਲਨ ਬਰਕਰਾਰ ਰੱਖਣਾ ਹੈ। ਸਾਨੂੰ ਇਹ

ਪਛਾਣਨ ਦੀ ਲੋੜ ਹੈ ਕਿ ਕਾਨੂੰਨਵਾਦ ਇਕ ਅਸਲੀ ਪਰਤਾਵਾ ਹੈ। ਇਹ ਇਕ ਅਸਲੀ ਖ਼ਤਰਾ ਹੈ ਜਿਸ ਦਾ ਕਲੀਸੀਆ ਸਾਹਮਣਾ ਕਰਦੀ ਹੈ, ਪਰ ਸਾਨੂੰ ਸਾਵਧਾਨ ਹੋਣਾ ਚਾਹੀਦਾ ਹੈ ਕਿ ਅਸੀਂ ਉਸ ਵਿਅਕਤੀ ਨੂੰ ਧਾਰਮਿਕ ਸਿਧਾਂਤਾਂ ਨੂੰ ਮੰਨਣ ਵਾਲੇ ਦਾ ਨਾਂਅ ਦੇਣ ਲਈ "ਕਾਨੂੰਨਵਾਦ" ਦਾ ਕਿਵੇਂ ਇਸਤੇਮਾਲ ਕਰਦੇ ਹਾਂ ਜਿਹੜੇ ਸਾਡੇ ਨਾਲ ਅਸਹਿਮਤ ਹੁੰਦਾ ਹੈ। ਉਦਾਹਰਣ ਦੇ ਲਈ, ਕੋਈ ਵਿਅਕਤੀ ਇਸ ਲਈ ਧਾਰਮਿਕ ਸਿਧਾਂਤਾਂ ਨੂੰ ਮੰਨਣ ਵਾਲਾ ਨਹੀਂ ਹੈ ਕਿਉਂਕਿ ਉਹ ਇਹ ਵਿਸ਼ਵਾਸ ਕਰਦਾ ਹੈ ਕਿ ਪ੍ਰਭੂ ਭੋਜ ਹਰ ਹਫ਼ਤੇ ਜਾਂ ਪ੍ਰਭੂ ਦੇ ਦਿਨ ਦਿੱਤਾ ਜਾਣਾ ਚਾਹੀਦਾ ਹੈ। ਮੈਂ ਇਹੋ ਜਿਹੇ ਲੋਕਾਂ ਨੂੰ ਮਿਲ ਚੁੱਕਾ ਹੈ ਜਿਨ੍ਹਾਂ ਦਾ ਮੰਨਣਾ ਸੀ ਕਿ ਬਾਈਬਲ ਇਹ ਸਿੱਖਿਆ ਦਿੰਦੀ ਹੈ ਕਿ ਕਲੀਸੀਆ ਨੂੰ ਪ੍ਰਭੂ ਭੋਜ ਵਿਚ ਦਾਖਰਸ ਪਿਲਾਉਣ ਦੇ ਲਈ ਇੱਕੋ ਪਿਆਲੇ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਉਹ ਇਸ ਗੱਲ ਤੇ ਵਿਸ਼ਵਾਸ ਕਰਨ ਦੇ ਲਈ ਜ਼ਰੂਰੀ ਨਹੀਂ ਕਿ ਧਾਰਮਿਕ ਸਿਧਾਂਤਾਂ ਨੂੰ ਮੰਨਣ ਵਾਲੇ ਹਨ। ਕੋਈ ਵੀ ਵਿਅਕਤੀ ਧਾਰਮਿਕ ਸਿਧਾਂਤਾਂ ਨੂੰ ਮੰਨਣ ਵਾਲਾ ਬਣਨ ਤੋਂ ਬਿਨਾਂ ਵੀ ਗਲਤ ਹੋ ਸਕਦਾ ਹੈ।

"ਕਾਨੂੰਨਵਾਦ" ਤੋਂ ਇਲਾਵਾ ਵੀ ਇਕ ਹੋਰ ਸ਼ਬਦ ਹੈ ਜਿਹੜਾ ਲਾਪਰਵਾਹੀ ਨਾਲ ਵਰਤਿਆ ਜਾਂਦਾ ਹੈ। ਮੈਂ ਮਸੀਹੀ ਲੋਕਾਂ ਨੂੰ ਕਿਸੇ ਚੀਜ਼ ਜਾਂ ਵਿਅਕਤੀ ਦਾ "ਅਜ਼ਾਦ ਖਿਆਲ ਵਾਲਾ" ਵਜੋਂ ਹਵਾਲਾ ਦਿੰਦੇ ਸੁਣਦਾ ਹਾਂ, ਪਰ ਮੈਂ ਅਕਸਰ ਇਸ ਬਾਰੇ ਨਿਸ਼ਚਤ ਨਹੀਂ ਹੁੰਦਾ ਕਿ ਉਹ ਵਿਅਕਤੀ ਜਾਹਦੇ ਬਾਰੇ ਗੱਲ ਕਰ ਰਿਹਾ ਹੁੰਦਾ ਹੈ। ਜੇਕਰ "ਉਦਾਰਵਾਦ" ਬਾਈਬਲ ਦੀ ਸਿੱਖਿਆ ਨਾਲ ਸਮਝੌਤਾ ਕਰਨ ਦਾ ਸੁਭਾਅ ਹੈ ਤਾਂ ਜੋ ਕਲੀਸੀਆ ਸੰਸਾਰ ਨੂੰ ਆਪਣੇ ਵਿਚ ਥਾਂ ਦੇ ਸਕੇ ਤਾਂ ਇਹ ਗਲਤ ਹੈ। ਇਹ ਉਸ ਮਾਨਸਿਕਤਾ ਦਾ ਹਵਾਲਾ ਦੇ ਸਕਦਾ ਹੈ ਜੋ ਪਰਮੇਸ਼ੁਰ ਆਪਣੀ ਕਲੀਸੀਆ ਨੂੰ ਕਰਨ ਅਤੇ ਬਣਨ ਦੀ ਅਗਵਾਈ ਕਰਦਾ ਹੈ ਉਸ ਨਾਲੋਂ ਉਸ ਵਿਚ ਜ਼ਿਆਦਾ ਦਿਲਚਸਪੀ ਰੱਖਦੀ ਹੈ ਜੋ ਲੋਕ ਸੋਚਦੇ ਹਨ। ਉਦਾਰਵਾਦ ਪਰਮੇਸ਼ੁਰ ਦੇ ਵਚਨ ਅਤੇ ਉਸ ਦੇ ਮਾਰਗ-ਦਰਸ਼ਨ ਨੂੰ ਘੱਟ ਮਹੱਤਵ ਦਿੰਦਾ ਹੈ।

ਜਿਵੇਂ ਅਸੀਂ "ਕਾਨੂੰਨਵਾਦੀ" ਸ਼ਬਦ ਦੀ ਵਰਤੋਂ ਕਰਨ ਵਿਚ ਸਾਵਧਾਨੀ ਵਰਤਦੇ ਹਾਂ, ਉਸੇ ਤਰ੍ਹਾਂ ਸਾਨੂੰ ਉਸ ਵਿਅਕਤੀ ਨੂੰ ਵੀ "ਉਦਾਰਵਾਦੀ" ਨਾਂਅ ਦੇਣ ਵਿਚ ਸਾਵਧਾਨੀ ਵਰਤਣੀ ਚਾਹੀਦੀ ਹੈ ਜਿਹੜੇ ਸਾਡੇ ਨਾਲ ਸਹਿਮਤ ਨਹੀਂ ਹੁੰਦੇ। ਕੋਈ ਵੀ ਵਿਅਕਤੀ ਧਾਰਮਿਕ ਸਿਧਾਂਤਾਂ ਨੂੰ ਮੰਨਣ ਵਾਲਾ ਬਣਨ ਤੋਂ ਬਿਨਾਂ ਵੀ ਗਲਤ ਹੋ ਸਕਦਾ ਹੈ; ਉਹ ਉਦਾਰਵਾਦੀ ਬਣਨ ਤੋਂ ਬਿਨਾਂ ਵੀ ਗਲਤ ਹੋ ਸਕਦਾ ਹੈ। ਸਾਨੂੰ ਕਿਸੇ ਨੂੰ ਨਾਂਅ ਦੇਣ ਵਿਚ ਸਾਵਧਾਨ ਹੋਣ ਦੀ ਲੋੜ ਹੈ।

ਜਦੋਂ ਅਸੀਂ ਕਾਨੂੰਨਵਾਦ ਦੇ ਵਿਅਕਤੀ ਅਧਿਐਨ ਦੇ ਲਈ ਪਵਿੱਤਰ ਵਚਨ ਵਿਚ ਨਜ਼ਰ ਮਾਰਦੇ ਹਾਂ, ਇਸ ਨੂੰ ਲੱਭਣਾ ਮੁਸ਼ਕਲ ਨਹੀਂ ਹੈ। ਨਵੇਂ ਨੇਮ ਦੀ ਫ਼ਰੀਸੀ ਲੋਕ ਇਸ ਕਿਸਮ ਦੀ ਆਤਮਿਕ ਬਿਮਾਰੀ ਦਾ ਉਦਾਹਰਣ ਦਿੰਦੇ ਹਨ। ਉਦਾਰਵਾਦ ਦੇ ਵਿਅਕਤੀ ਅਧਿਐਨ ਦੇ ਲਈ ਪਵਿੱਤਰ ਵਚਨ ਵਿੱਚੋਂ ਕੁਝ ਲੱਭਣਾ ਥੋੜ੍ਹਾ ਜਿਹਾ ਜ਼ਿਆਦਾ ਮੁਸ਼ਕਲ ਹੈ। ਅਸੀਂ ਉਨ੍ਹਾਂ ਨੂੰ ਕਿੱਥੇ ਲੱਭਣਾ ਹੈ? ਨਵੇਂ ਨੇਮ ਵਿਚ ਕਿਹੜੇ ਝੂਠੇ ਗੁਰੂ ਹਨ ਜੋ ਉਸ ਕਿਸਮ ਦੀਆਂ ਆਤਮਿਕ ਬਿਮਾਰੀਆਂ ਨੂੰ ਪ੍ਰਦਰਸ਼ਿਤ ਕਰਦੇ ਹਨ ਜਿਨ੍ਹਾਂ ਨੂੰ ਅਸੀਂ ਉਦਾਰਵਾਦ ਕਹਿ ਰਹੇ ਹਾਂ? ਮੈਨੂੰ ਪਤਾ ਹੈ ਕਿ ਝੂਠੇ ਗੁਰੂਆਂ ਦੇ ਬਾਰੇ ਵੇਰਵੇ ਨਾਲ ਜਾਣਨ ਲਈ ਯਹੂਦਾਹ ਦੀ ਪੱਤ੍ਰੀ ਨਾਲੋਂ ਹੋਰ ਵਧੀਆ ਥਾਂ ਕੋਈ ਨਹੀਂ ਹੈ।

1. *ਉਪਦੇਸ਼ਕ ਜਿਨ੍ਹਾਂ ਦਾ ਯਹੂਦਾਹ ਨੇ ਸਾਹਮਣਾ ਕੀਤਾ ਸੀ ਨੈਤਿਕਤਾ, ਭਗਤੀ ਅਤੇ*

*ਨਿੱਜੀ ਈਮਾਨਦਾਰੀ ਬਾਰੇ ਨਵੇਂ ਨੇਮ ਦੀਆਂ ਸਿੱਖਿਆਵਾਂ ਦਾ ਨਿਰਾਦਰ ਜਾਂ ਸਮਝੌਤਾ ਕਰਨ ਦੀ ਮਾਨਸਿਕਤਾ ਵਾਲੇ ਸਨ।* ਯਹੂਦਾਹ ਨੇ "ਸ਼ਤਾਨੀ ਮਨੁੱਖ ਜਿਹੜੇ ਸਾਡੇ ਪਰਮੇਸ਼ੁਰ ਦੀ ਕਿਰਪਾ ਨੂੰ ਉਲਟਾ ਕਰ ਕੇ ਲੁੱਚਪੁਣੇ ਵੱਲ ਲੈ ਲੈਂਦੇ ਹਨ" ਬਾਰੇ ਲਿਖਿਆ (ਆਇਤ 4)। ਉਸ ਨੇ ਕਿਹਾ, "ਅੰਤ ਦੇ ਸਮੇਂ ਠੱਠਾ ਕਰਨ ਵਾਲੇ ਹੋਣਗੇ ਜਿਹੜੇ ਆਪਣੇ ਸ਼ਤਾਨੀ ਕਾਮਨਾਂ ਦੇ ਅਨੁਸਾਰ ਚੱਲਣਗੇ" (ਆਇਤ 18)।

ਯੂਨਾਨੀ-ਰੋਮੀ ਸੰਸਾਰ ਨਿਸ਼ਚਤ ਤੌਰ ਤੇ ਅੱਜ ਦੇ ਸੰਸਾਰ ਜਿੰਨਾ ਹੀ ਅਨੈਤਿਕ ਸੀ। ਹਰ ਤਰ੍ਹਾਂ ਦੀ ਚੋਰੀ, ਕਤਲ, ਤਲਾਕ, ਵੇਸਵਾਪਣ, ਭਰੂਣ ਹੱਤਿਆ, ਮੁੰਡੇਬਾਜ਼ੀ, ਆਚਾਰ ਭਰਿਸ਼ਟਤਾ ਅਸੀਂ ਉਨ੍ਹਾਂ ਦੀ ਖੋਜ ਨਹੀਂ ਕੀਤੀ। ਇਸ ਕਿਸਮ ਦਾ ਚਾਲ-ਚਲਣ ਸਦੀਆਂ ਤੋਂ ਲੋਕਾਂ ਦੀ ਅਤੇ ਪਰਮੇਸ਼ੁਰ ਦੀ ਨਿਰਾਦਰੀ ਕਰ ਰਿਹਾ ਹੈ। ਪੌਲੁਸ ਨੇ ਲਿਖਿਆ,

> . . . ਪਰਮੇਸ਼ੁਰ ਨੇ ਉਨ੍ਹਾਂ ਨੂੰ ਨੀਚ ਵਾਸਨਾਂ ਦੇ ਵੱਸ ਕਰ ਦਿੱਤਾ ਕਿਉਂ ਜੋ ਉਨ੍ਹਾਂ ਦੀਆਂ ਨਾਰਾਂ ਨੇ ਆਪਣੇ ਸੁਭਾਵਕ ਕੰਮ ਨੂੰ ਉਹ ਦੇ ਨਾਲ ਵਟਾ ਦਿੱਤਾ ਜਿਹੜਾ ਸੁਭਾਉ ਦੇ ਵਿਰੁੱਧ ਹੈ। ਇਸੇ ਤਰਾਂ ਨਰ ਵੀ ਨਾਰੀਆਂ ਨਾਲ ਸੁਭਾਵਕ ਕੰਮ ਛੱਡ ਕੇ ਆਪੋ ਵਿੱਚੀਂ ਆਪਣੀ ਕਾਮਨਾਂ ਵਿੱਚ ਸੜ ਗਏ (ਰੋਮੀਆਂ 1:26, 27)।

ਉਸ ਨੇ ਇਹ ਵੀ ਲਿਖਿਆ, "ਪਰਮੇਸ਼ੁਰ ਨੇ ਉਨ੍ਹਾਂ ਨੂੰ ਮੰਦੀ ਬੁੱਧ ਦੇ ਵੱਸ ਕਰ ਦਿੱਤਾ . . . ਖਾਰ, ਘਾਤ, ਝਗੜੇ, ਛਲ ਅਤੇ ਬਦਨੀਤੀ ਨਾਲ ਭਰਪੂਰ . . ." (ਰੋਮੀਆਂ 1:28, 29)।

ਮਸੀਹ ਦੀ ਖੁਸ਼ਖ਼ਬਰੀ, ਈਮਾਨਦਾਰੀ, ਵਿਆਹ ਸੰਬੰਧੀ ਵਫ਼ਾਦਾਰੀ ਅਤੇ ਦਿਆਲਤਾ ਦੇ ਲਈ ਇਸ ਦੀਆਂ ਮੰਗਾਂ ਨਾਲ ਆਪਣਾ ਪ੍ਰਭਾਵ ਛੱਡਿਆ ਹੈ। ਦੂਜੀ ਅਤੇ ਤੀਜੀ ਸਦੀ ਵਿਚ ਜਦੋਂ ਮਸੀਹੀ ਲੋਕਾਂ ਨੂੰ ਸਤਾਇਆ ਗਿਆ ਅਤੇ ਉਨ੍ਹਾਂ ਨੂੰ ਨਫਰਤ ਕੀਤੀ ਗਈ, ਉਨ੍ਹਾਂ ਵਿੱਚੋਂ ਕੁਝ ਨੇ "ਖਿਮਾ-ਜਾਚਨਾ" ਲਿਖੀ। ਉਨ੍ਹਾਂ ਨੇ ਦਲੀਲ ਦਿੱਤੀ ਕਿ ਸਾਮਰਾਜ ਦੇ ਸਭ ਤੋਂ ਵਧੀਆ ਨਾਗਰਿਕ ਮਸੀਹੀ ਸਨ।

ਸ਼ੁਰੂਆਤੀ ਦਿਨਾਂ ਵਿਚ ਕੁਝ ਅਜਿਹੇ ਲੋਕ ਵੀ ਸਨ ਜਿਨ੍ਹਾਂ ਨੇ ਦਲੀਲ ਦਿੱਤੀ ਕਿ ਜੇਕਰ ਕਲੀਸੀਆ ਬਹੁਤ ਜ਼ਿਆਦਾ ਸਖਤਾਈ ਵਰਤੇਗੀ ਤਾਂ ਲੋਕ ਪਿੱਛੇ ਹਟ ਜਾਣਗੇ। ਇਹ ਓਹ ਲੋਕ ਸਨ ਜਿਨ੍ਹਾਂ ਨੇ ਯਹੂਦਾਹ ਦਾ ਸਾਹਮਣਾ ਕੀਤਾ ਸੀ। ਯਹੂਦਾਹ ਨੇ ਜ਼ੋਰ ਦਿੱਤਾ ਕਿ ਮਸੀਹੀ ਲੋਕ ਪਰਮੇਸ਼ੁਰ ਨੂੰ ਪ੍ਰਸੰਨ ਕਰਦੇ ਹਨ, ਨਾ ਕਿ ਮਨੁੱਖਾਂ ਨੂੰ। ਪਰਮੇਸ਼ੁਰ ਨੈਤਿਕ ਈਮਾਨਦਾਰੀ ਦੀ ਮੰਗ ਕਰਦਾ ਹੈ। ਜੇਕਰ ਸੰਸਾਰ ਇਸ ਨੂੰ ਠੁਕਰਾ ਦਿੰਦਾ ਹੈ, ਉਹ ਉਸ ਤੋਂ ਵੱਧ ਨਹੀਂ ਕਰਨਗੇ ਜਿਸ ਨੇ ਹਮੇਸ਼ਾ ਸੰਸਾਰ ਦੀ ਵਿਸ਼ੇਸ਼ਤਾ ਦਾ ਵਰਣਨ ਕੀਤਾ ਹੈ। ਕਲੀਸੀਆ ਦੇ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਆਧੁਨਿਕ ਸਮਿਆਂ ਤੱਕ, ਅਜਿਹੇ ਲੋਕ ਰਹੇ ਹਨ ਅਤੇ ਰਹਿਣਗੇ ਜਿਹੜੇ ਸੰਸਾਰ ਜਿਸ ਕਿਸੇ ਚੀਜ਼ ਦਾ ਪਾਲਣ ਕਰਦਾ ਹੈ ਅਤੇ ਜੋ ਕੁਝ ਕਰਦਾ ਹੈ ਉਸ ਨੂੰ ਸਵੀਕਾਰ ਕਰਨ ਦੇ ਚਾਹਵੰਦ ਹੋਣਗੇ। ਇਹ ਉਦਾਰਵਾਦ ਦੀ ਭਾਵਨਾ ਹੈ ਜੋ ਬਹੁਤ ਹੀ ਬੱਦਤਰ ਹੈ।

ਮਸੀਹ ਦਾ ਆਤਮਾ ਪਾਪ ਨਾਲ ਕਿਸੇ ਸਮਝੌਤੇ ਦੀ ਮੰਗ ਨਹੀਂ ਕਰਦਾ, ਪਰ ਜਦੋਂ ਪਾਪ ਵਿਚ ਗੁਆਚ ਜਾਂਦੇ ਹਨ ਅਤੇ ਆਪਣੇ ਪਾਪ ਵਿਚ ਆਪਣੇ ਆਪ ਨੂੰ ਠੇਸ ਪਹੁੰਚਾਉਂਦੇ ਹਨ, ਜਦੋਂ ਉਹ ਬਦਲਣਾ ਚਾਹੁੰਦੇ ਹਨ ਅਤੇ ਆਪਣੇ ਜੀਵਨਾਂ ਨੂੰ ਇਕ ਨਵੇਂ ਰਾਹ ਤੇ ਲੈ ਕੇ ਜਾਣਾ ਚਾਹੁੰਦੇ ਹਨ, ਕੋਈ ਵੀ ਜਿਹੜਾ ਮਸੀਹ ਦੀ ਅਵਾਜ਼ ਨੂੰ ਸੁਣਦਾ ਹੈ ਕਦੇ ਪਿੱਛੇ ਨਹੀਂ ਮੁੜੇਗਾ। ਬਹੁਤ ਸਾਰੇ ਮਸੀਹੀ ਲੋਕਾਂ ਦੇ ਜੀਵਨਾਂ ਵਿਚ ਇਹੋ ਜਿਹੀਆਂ ਗੱਲ ਹਨ ਜਿਨ੍ਹਾਂ ਨੂੰ ਉਹ

ਭੁੱਲਣਾ ਚਾਹੁੰਣਗੇ। ਕੋਈ ਵੀ ਮਸੀਹੀ ਵਿਅਕਤੀ ਆਪਣੇ ਪਾਪਾਂ ਨਾਲ ਕਿਸੇ ਪਾਪੀ ਦੇ ਸਿਰ ਤੇ ਨਹੀਂ ਮਾਰਨਾ ਚਾਹੁੰਦਾ। ਯਹੂਦਾਹ ਦੇ ਸ਼ਬਦ ਕਿਰਪਾ ਨਾਲ ਭਰੇ ਪਏ ਹਨ: “ਅਤੇ ਕਿੰਨਿਆਂ ਉੱਤੇ ਜਿਹੜੇ ਦੁਬਧਾ ਵਿੱਚ ਪਏ ਹੋਏ ਹਨ ਦਯਾ ਕਰੋ ਅਤੇ ਕਿੰਨਿਆਂ ਨੂੰ ਅੱਗ ਵਿੱਚੋਂ ਧੂ ਖਿੱਚ ਕੇ ਬਚਾਓ, ਅਤੇ ਓਸ ਬਸਤ੍ਰ ਤੋਂ ਵੀ ਜਿਹ ਦੇ ਵਿੱਚ ਦੇਹੀ ਦਾ ਦਾਗ ਲੱਗਿਆ ਹੋਵੇ ਸੂਗ ਕਰਦੇ ਹੋਏ ਕਿੰਨਿਆਂ ਉੱਤੇ ਭੈ ਨਾਲ ਦਯਾ ਕਰੋ” (ਆਇਤਾਂ 22, 23)।

ਤੌਬਾ ਲਈ ਕਿਰਪਾਲੂ ਮਾਫ਼ੀ ਦੀ ਲੋੜ ਹੁੰਦੀ ਹੈ, ਪਰ ਮਸੀਹ ਦੇ ਪਿੱਛੇ ਚੱਲਣ ਵਾਲੇ ਦਿਖਾਵਾ ਨਹੀਂ ਕਰ ਸਕਦੇ ਕਿ ਜਦੋਂ ਇਕ ਮਸੀਹੀ ਪਤੀ ਆਪਣੇ ਪਤਨੀ ਨਾਲ ਧੋਖਾ ਕਰਦਾ ਹੈ ਜਾਂ ਇਕ ਮਸੀਹੀ ਵਪਾਰੀ ਲੋਕਾਂ ਨਾਲ ਧੋਖਾ ਕਰਦਾ ਹੈ ਤਾਂ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਉਹ ਕਰ ਸਕਦਾ ਹੈ ਜਾਂ ਜਦੋਂ ਹਰਾਮਕਾਰੀ ਨੂੰ ਇਕ ਸਧਾਰਨ ਚੀਜ਼ ਵਜੋਂ ਲਿਆ ਜਾਂਦਾ ਹੈ। “ਉਦਾਰਵਾਦ” ਇਕ ਅਜਿਹਾ ਨਾਮ ਨਹੀਂ ਹੈ ਜੋ ਅੰਨ੍ਹੇਵਾਹ ਉਨ੍ਹਾਂ ਨੂੰ ਦਿੱਤਾ ਜਾਵੇ ਜਿਹੜੇ ਸਾਡੇ ਨਾਲ ਅਸਹਿਮਤ ਹੁੰਦੇ ਹਨ, ਪਰ ਨਾ ਹੀ ਇਹ ਅਰਥਹੀਣ ਸ਼ਬਦ ਹੈ। ਉਦਾਰਵਾਦ ਵਿਅਕਤੀਗਤ ਤੌਰ ਤੇ ਅਤੇ ਸਮੁੱਚੀ ਕਲੀਸੀਆ ਦੇ ਤੌਰ ਤੇ ਮਸੀਹੀ ਲੋਕਾਂ ਨੂੰ ਬਰਬਾਦ ਕਰ ਸਕਦਾ ਅਤੇ ਕਰਦਾ ਹੈ।

2. *ਯਹੂਦਾਹ ਨੇ ਉਦਾਰਵਾਦੀ ਉਪਦੇਸ਼ਕਾਂ ਦਾ ਸਾਹਮਣਾ ਕੀਤਾ ਜਿਨ੍ਹਾਂ ਨੂੰ ਇਸ ਗੱਲ ਵਿਚ ਕੋਈ ਦਿਲਚਸਪੀ ਨਹੀਂ ਸੀ ਕਿ ਕਲੀਸੀਆ ਆਪਣੀ ਬੰਦਗੀ, ਏਕਤਾ ਅਤੇ ਸ਼ਾਸਨ ਵਿਚ ਪਰਮੇਸ਼ੁਰ ਦੇ ਨਿਰਦੇਸ਼ ਦਾ ਪਾਲਣ ਕਰੇ।* ਇਹ ਗੱਲ ਮਾਇਨੇ ਰੱਖਦੀ ਹੈ ਕਿ ਪਰਮੇਸ਼ੁਰ ਦੇ ਲੋਕ ਕਿਵੇਂ ਬੰਦਗੀ ਕਰਦੇ ਹਨ। ਜੇਕਰ ਪਰਮੇਸ਼ੁਰ ਨੇ ਸਾਨੂੰ ਕਿਸੇ ਗੱਲ ਬਾਰੇ ਨਿਰਦੇਸ਼ ਦਿੱਤਾ ਹੈ, ਪਰਮੇਸ਼ੁਰ ਦੇ ਲੋਕਾਂ ਨੂੰ ਉਹੋ ਕਰਨਾ ਚਾਹੀਦਾ ਹੈ ਜੋ ਪਰਮੇਸ਼ੁਰ ਕਹਿੰਦਾ ਹੈ। ਗੁਮਰਾਹ ਹੋਇਆ ਉਦਾਰਵਾਦ ਸਮਝੌਤਾ ਕਰਨ ਦਾ ਚਾਹਵੰਦ ਹੈ। ਇਸ ਕਿਸਮ ਦਾ ਉਦਾਰਵਾਦ ਬਾਈਬਲ ਪੜ੍ਹੇਗਾ ਅਤੇ ਕਹੇਗਾ, “ਇਹ ਸਿਰਫ ਵਿਆਖਿਆ ਦੀ ਗੱਲ ਹੈ। ਤੁਸੀਂ ਇਸ ਦੀ ਆਪਣੇ ਤਰੀਕੇ ਨਾਲ ਵਿਆਖਿਆ ਕਰ ਲਓ ਅਤੇ ਮੈਂ ਇਸ ਦੀ ਆਪਣੇ ਤਰੀਕੇ ਨਾਲ ਵਿਆਖਿਆ ਕਰ ਲਵਾਂਗਾ।”

ਬਾਈਬਲ ਦੀ ਵਿਆਖਿਆ ਕਰਨਾ ਕਿਸੇ ਨਿਰਦੇਸ਼ ਪੁਸਤਕ ਨੂੰ ਪੜ੍ਹਨ ਵਾਂਗ ਨਹੀਂ ਹੈ, ਪਰ ਤੁਲਨਾ ਦੀਆਂ ਕੁਝ ਫਾਇਦੇਮੰਦ ਗੱਲਾਂ ਹਨ। ਹਾਲ ਹੀ ਵਿਚ ਮੈਂ ਫਰਨੀਚਰ ਖਰੀਦਿਆ ਜਿਸ ਨੂੰ ਜੋੜਨਾ ਪੈਣਾ ਸੀ। ਮੈਂ ਸਾਰੇ ਨਿਰਦੇਸ਼ਾਂ ਨੂੰ ਬੜੇ ਧਿਆਨ ਨਾਲ ਪੜ੍ਹਿਆ ਅਤੇ ਇਸ ਦੇ ਬਾਵਜੂਦ, ਮੈਂ ਕੁਝ ਗੱਲਾਂ ਦਾ ਅਰਥ ਗਲਤ ਸਮਝ ਲਿਆ ਅਤੇ ਮੈਨੂੰ ਫੇਰ ਵਾਪਸ ਜਾ ਕੇ ਇਸ ਨੂੰ ਦੁਬਾਰਾ ਜੁੜਵਾਉਣਾ ਪਿਆ। ਜੇਕਰ ਉਹ ਤੁਹਾਡੀ ਕੋਈ ਮਦਦ ਨਹੀਂ ਕਰਨਗੇ ਤਾਂ ਤੁਹਾਨੂੰ ਉਨ੍ਹਾਂ ਦਾ ਸਹੀ ਅਰਥ ਸਮਝਣਾ ਪਵੇਗਾ। ਜੀਉਣਾ ਫਰਨੀਚਰ ਨੂੰ ਜੋੜਨ ਨਾਲੋਂ ਜ਼ਿਆਦਾ ਗੁੰਝਲਦਾਰ ਗੱਲ ਹੈ, ਪਰ ਪਰਮੇਸ਼ੁਰ ਨੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਦਾ ਅਰਥ ਉਹੀ ਹੈ ਜੋ ਅਰਥ ਪਰਮੇਸ਼ੁਰ ਉਨ੍ਹਾਂ ਨੂੰ ਸਮਝਾਉਣਾ ਚਾਹੁੰਦਾ ਹੈ। ਅਸੀਂ ਇਹ ਦਾਅਵਾ ਕਰਨ ਦੁਆਰਾ ਬਾਈਬਲ ਦੀ ਸਿੱਖਿਆ ਨੂੰ ਰੱਦ ਨਹੀਂ ਕਰ ਸਕਦੇ ਕਿ ਇਹ ਜ਼ਰੂਰੀ ਨਹੀਂ ਹੈ ਕਿਉਂਕਿ ਇਹ “ਨਿਰੀ ਵਿਆਖਿਆ ਦੀ ਗੱਲ ਹੈ।”

ਜਦੋਂ ਕਲੀਸੀਆ ਬੰਦਗੀ ਲਈ ਇਕੱਠੀ ਹੁੰਦੀ ਹੈ, ਇਕ ਮਾਇਨੇ ਰੱਖਦੇ ਹੈ ਜਦੋਂ ਇਹ ਇਕੱਠੀ ਹੁੰਦੀ ਹੈ ਅਤੇ ਉਹ ਵੀ ਜੋ ਮਸੀਹੀ ਲੋਕ ਮੰਡਲੀ ਵਿਚ ਕਰਦੇ ਹਨ। ਉਨ੍ਹਾਂ ਦੇ ਆਪਣੇ ਯੰਤਰਾਂ ਤੇ ਛੱਡ ਦਿੱਤਾ ਜਾਵੇ ਤਾਂ ਲੋਕ “ਬੰਦਗੀ” ਨੂੰ ਉਹੋ ਕਹਿਣਗੇ ਜੋ ਉਨ੍ਹਾਂ ਨੂੰ ਚੰਗਾ ਲੱਗਦਾ ਹੈ। ਬਹੁਤ ਸਾਰੀਆਂ ਗਤੀਵਿਧੀਆਂ ਇਹੋ ਜਿਹੀਆਂ ਹਨ ਜਿਨ੍ਹਾਂ ਨੂੰ ਲੋਕ ਬੰਦਗੀ ਵਜੋਂ ਵੇਖਦੇ

ਹਨ ਜੋ ਪਰਮੇਸ਼ੁਰ ਨੂੰ ਕੋਈ ਆਦਰ ਨਹੀਂ ਦਿੰਦੀਆਂ। ਹਾਲ ਹੀ ਵਿਚ ਮੈਂ ਟੈਲੀਵਿਜ਼ਨ ਤੇ ਬਾਡੀ ਬਿਲਡਰਾਂ ਦੀ ਇਕ ਟੀਮ ਨੂੰ ਇਕ ਬਹੁਤ ਵੱਡੀ ਕਲੀਸੀਆ ਮੰਡਲੀ ਦੇ ਸਾਹਮਣੇ ਪ੍ਰਦਰਸ਼ਨ ਕਰਦੇ ਵੇਖਿਆ। ਇਕ ਆਦਮੀ ਨੇ ਆਪਣੇ ਹੱਥਾਂ ਨੂੰ ਸੀਮੈਂਟ ਦੀਆਂ ਇੱਟਾਂ ਅਤੇ ਮੋਟੇ-ਮੋਟੇ ਫੱਟਿਆਂ ਨੂੰ ਤੋੜਨ ਦੇ ਲਈ ਇਸਤੇਮਾਲ ਕੀਤਾ। ਉਸ ਤੋਂ ਇੰਟਰਵਿਊ ਲੈਣ ਵਾਲੇ ਨਾਲ ਗੱਲ ਕਰਦਿਆਂ, ਉਸ ਨੇ ਕਿਹਾ, "ਜੋ ਕੁਝ ਵੀ ਤੁਸੀਂ ਕਰਦੇ ਹੋ, ਪਰਮੇਸ਼ੁਰ ਦੀ ਮਹਿਮਾ ਲਈ ਕਰੋ।" ਮੈਂ ਹੈਰਾਨ ਸਾਂ ਕਿ ਉਸ ਦੇ ਇਹ ਸ਼ਬਦ ਜੇਬਕਤਰੇ ਜਾਂ ਸ਼ਰਾਬ ਦੇ ਠੇਕੇ ਦੇ ਮਾਲਕ ਤੇ ਲਾਗੂ ਹੋਣਗੇ। ਹਰ ਕੰਮ ਜੋ ਅਸੀਂ ਕਰਦੇ ਹਾਂ ਭਾਵੇਂ ਇਹ ਕੰਮ ਸਹਿਜ ਰੂਪ ਵਿਚ ਗਲਤ ਨਹੀਂ ਹੈ ਜ਼ਰੂਰੀ ਨਹੀਂ ਕਿ ਬੰਦਗੀ ਹੀ ਹੋਵੇ। ਸਾਨੂੰ ਲੋੜ ਹੈ ਕਿ ਪਰਮੇਸ਼ੁਰ ਸਾਨੂੰ ਦੱਸੇ ਕਿ ਉਸ ਨੂੰ ਕਿਹੜੀ ਚੀਜ਼ ਪ੍ਰਸੰਨ ਕਰਦੀ ਹੈ। ਨਵੇਂ ਨੇਮ ਵਿਚ ਅਤੇ ਕਲੀਸੀਆ ਨੂੰ ਉਸੇ ਤਰ੍ਹਾਂ ਬੰਦਗੀ ਕਰਦਿਆਂ ਪਾਉਂਦੇ ਹਾਂ ਜਿਵੇਂ ਰਸੂਲਾਂ ਨੇ ਉਨ੍ਹਾਂ ਨੂੰ ਸਿਖਾਇਆ ਸੀ।

ਕੁਝ ਉਦਾਰਵਾਦੀ ਹਨ ਜਿਹੜੇ ਉਸ ਧਾਰਣਾ ਨੂੰ ਤਿਆਗ ਦਿੰਦੇ ਹਨ ਜੋ ਪਰਮੇਸ਼ੁਰ ਨੇ ਬਾਈਬਲ ਵਿਚ ਦੱਸੀ ਹੈ, ਉਹ ਤਰੀਕਾ ਜਿਸ ਨਾਲ ਗੁਆਚਿਆ ਹੋਇਆ ਪਾਪੀ ਬਚਦਾ ਹੈ। ਉਦਾਰਵਾਦ ਮੁਕਤੀ ਦੀ ਯੋਜਨਾ ਨਾਲ ਸਮਝੌਤਾ ਕਰਦਾ ਹੈ ਜੋ ਪਰਮੇਸ਼ੁਰ ਨੇ ਬਾਈਬਲ ਵਿਚ ਦੱਸੀ ਹੈ। ਰਸੂਲਾਂ ਨੇ ਪਾਪ ਵਿਚ ਗੁਆਚੇ ਹੋਏ ਲੋਕਾਂ ਨੂੰ ਬਚਣ ਦੇ ਲਈ ਜੋ ਕਰਨ ਨੂੰ ਦੱਸਿਆ ਸੀ ਮਾਇਨੇ ਰੱਖਦਾ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਜੋ ਕਿਹਾ ਸੀ ਉਹ ਮਾਇਨੇ ਰੱਖਦਾ ਹੈ ਜਦੋਂ ਉਸ ਨੇ ਉਨ੍ਹਾਂ ਨੂੰ ਮਹਾਨ ਆਗਿਆ ਨਾਲ ਭੇਜਿਆ। ਯਹੂਦਾਹ ਨੇ ਆਪਣੀ ਪੱਤ੍ਰੀ ਆਪਣੇ ਪਾਠਕਾਂ ਨੂੰ ਇਹ ਅਪੀਲ ਕਰਨ ਦੁਆਰਾ ਸ਼ੁਰੂ ਕੀਤੀ ਸੀ ਕਿ "ਤੁਸੀਂ ਓਸ ਨਿਹਚਾ ਦੇ ਲਈ ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ ਜਤਨ ਕਰੋ" (ਆਇਤ 3)।

3. *ਅਸੀਂ "ਉਦਾਰਵਾਦੀ" ਅਤੇ "ਉਦਾਰਵਾਦ" ਸ਼ਬਦਾਂ ਦੀ ਕਿਵੇਂ ਵਰਤੋਂ ਕਰਦੇ ਹਨ ਉਸ ਦੇ ਪ੍ਰਤੀ ਸਾਵਧਾਨੀ ਵਰਤਣ ਦੀ ਲੋੜ ਹੈ ਕਿਉਂਕਿ "ਉਦਾਰਵਾਦੀ" ਬਣਨਾ ਹਮੇਸ਼ਾ ਬੁਰਾ ਨਹੀਂ ਹੁੰਦਾ।* ਦੇਣ ਵਿਚ ਉਦਾਰਵਾਦੀ ਬਣਨਾ ਇਕ ਚੰਗੀ ਗੱਲ ਹੈ। ਯਿਸੂ ਇਸ ਗੱਲ ਵਿਚ ਉਦਾਰਵਾਦੀ ਸੀ ਕਿ ਉਸ ਨੇ ਜ਼ਰੂਰਤਮੰਦ ਲੋਕਾਂ ਦੇ ਲਈ ਆਪਣੇ ਆਪ ਨੂੰ ਮੁਫ਼ਤ ਵਿਚ ਦੇ ਦਿੱਤਾ। ਉਦਾਰਵਾਦੀ ਹੋਣ ਦਾ ਅਰਥ ਇਹ ਹੋ ਸਕਦਾ ਹੈ ਕਿ ਅਸੀਂ ਲੋਕਾਂ ਦਾ ਭਲਾ ਸੋਚਣਾ ਚਾਹੁੰਦੇ ਹਾਂ, ਉਸ ਤੇ ਵਧੀਆ ਉਸਾਰੀ ਕਰਨਾ ਚਾਹੁੰਦੇ ਹਾਂ ਜੋ ਅਸੀਂ ਦੂਜਿਆਂ ਨੂੰ ਕਰਦੇ ਵੇਖਦੇ ਹਾਂ। ਬਹੁਤ ਸਾਰੇ ਮਹੱਤਵਪੂਰਣ ਤਰੀਕੇ ਹਨ ਜਿਨ੍ਹਾਂ ਵਿਚ ਕਲੀਸੀਆ ਨੂੰ ਜ਼ਿਆਦਾ "ਉਦਾਰਵਾਦੀ" ਬਣਨ ਦੀ ਲੋੜ ਹੈ। ਇਹ ਕਿੰਨਾ ਵੀ ਮੁਸ਼ਕਲ ਕਿਉਂ ਨਾ ਹੋਵੇ, ਮਸੀਹੀ ਲੋਕਾਂ ਨੂੰ ਭਰਿਸ਼ਟ ਉਦਾਰਵਾਦ ਦੇ ਵਿਰੁੱਧ ਇਸ ਦੀ ਉੱਤਮ ਭਾਵਨਾ ਵਿਚ "ਉਦਾਰਵਾਦੀ" ਬਣਨ ਨੂੰ ਸੰਤੁਲਿਤ ਕਰਨਾ ਚਾਹੀਦਾ ਹੈ ਜੋ ਉਨ੍ਹਾਂ ਨੈਤਿਕ ਮੰਗਾਂ ਤੋਂ ਹਾਰ ਮੰਨ ਲੈਂਦਾ ਹੈ ਜੋ ਪਰਮੇਸ਼ੁਰ ਆਪਣੇ ਲੋਕਾਂ ਤੋਂ ਕਰਦਾ ਹੈ ਜਾਂ ਉਹ ਹੁਕਮ ਜੋ ਉਸ ਨੇ ਕਲੀਸੀਆਈ ਜੀਵਨ ਦੇ ਮਾਰਗ-ਦਰਸ਼ਨ ਲਈ ਦਿੱਤੇ ਹਨ।

*ਸਿੱਟਾ।* ਜ਼ਿਆਦਾਤਰ ਮਸੀਹੀ ਲੋਕ ਕਈ ਵਾਰ ਕਿਸੇ ਚੀਜ਼ ਤੋਂ ਪਰੇਸ਼ਾਨ ਹੋ ਜਾਂਦੇ ਹਨ ਜੋ ਉਹ ਸੰਸਾਰ ਵਿਚ ਜਾਂ ਕਲੀਸੀਆ ਵਿਚ ਹੁੰਦੀ ਵੇਖਦੇ ਹਨ। ਵਿਸ਼ਵਾਸੀ ਨੂੰ "ਉਦਾਰਵਾਦੀ" ਅਤੇ "ਕਾਨੂੰਨਵਾਦੀ" ਵਰਗੇ ਸ਼ਬਦਾਂ ਦਾ ਇਸਤੇਮਾਲ ਕਰਦੇ ਸਮੇਂ ਸਾਵਧਾਨੀ ਵਰਤਣੀ ਚਾਹੀਦੀ ਹੈ ਜਦੋਂ ਉਹ ਕਿਸੇ ਅਜਿਹੇ ਵਿਅਕਤੀ ਦਾ ਹਵਾਲਾ ਦੇ ਰਿਹਾ ਹੁੰਦਾ ਜਿਹੜਾ ਉਸ ਦੀ ਸੋਚ ਦੇ ਨਾਲ ਸਹਿਮਤ ਨਹੀਂ ਹੁੰਦਾ। ਇਨ੍ਹਾਂ ਸ਼ਬਦਾਂ ਨੂੰ ਅਸਲੀ ਆਤਮਿਕ ਖ਼ਤਰਿਆਂ ਦਾ

ਸਪੱਸ਼ਟ ਰੂਪ ਵਿਚ ਉਲੇਖ ਕਰਨਾ ਚਾਹੀਦਾ ਹੈ।

---

## ਟਿੱਪਣੀਆਂ

[1]ਇਹ ਦਾਅਵਾ ਜੌਨ ਪੇਂਟਰ ਦੁਆਰਾ ਵਿਕਸਤ ਕੀਤਾ ਗਿਆ ਸੀ, *ਜਸਟ ਜੇਮਸ: ਦ ਬਰੱਦਰ ਆਫ਼ ਜੀਸਸ ਇਨ ਹਿਸਟਰੀ ਐਂਡ ਟਰੇਡੀਸ਼ਨ* (ਮਿਨੇਪੋਲਿਸ: ਫੋਰਟਰੈਸ ਪ੍ਰੈਸ, 1999)। [2]ਆਈ. ਹੋਵਾਰਡ ਮਾਰਸ਼ਲ, *ਨਿਊ ਟੈਸਟਮੈਂਟ ਥੀਓਲੋਜੀ: ਮੈਨੀ ਵਿਟਨੈਸਸ, ਵਨ ਗੋਸਪਲ* (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 2004), 698–99. [3]ਉਪਰੋਕਤ ਅਨੁਸਾਰ, 666. [4]ਜੌਨ ਸਟੌਟ, *ਦ ਕੰਟੈਂਪਰਰੀ ਕ੍ਰਿਸਚਨ* (ਲਿਸੈਸਟਰ, ਯੂ. ਕੇ: ਇੰਟਰ-ਵਰਸਿਟੀ ਪ੍ਰੈਸ, 1992), 174. [5]ਚਾਰਲਸ ਐਚ. ਐਚ. ਸਕੋਬੀ, *ਦ ਵੇਅ ਆਫ਼ ਆਵਰ ਗੌਡ: ਐਨ ਅਪਰੋਚ ਟੂ ਬਿਬਲੀਕਲ ਥੀਓਲੋਜੀ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 2003), 460.